ਵਿਆਹਾਂ ਵਾਸਤੇ ਭਾਜੀ, ਨਿਸ਼ਾਨੀ, ਤਾਜਾ ਮਠਿਆਈ ਅਤੇ
ਹਰ ਤਰ੍ਹਾਂ ਦੀ ਕੇਟਰਿੰਗ ਵਾਸਤੇ ਸੰਪਰਕ ਕਰੋ
250-730-4000, 855-800-6582
ਵੀਰਜੀ ਹਵੇਲੀ ਕਲੀਅਰਬਰੁੱਕ ਰੋਡ ਐਬਟਸਫੋਰਡ

+91 77175-02848 +91 98146-12006 +91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ (ਇਸ਼ਤਿਹਾਰ ਸਫਾ ਬੀ24 ਤੇ ਦੇਖੋ)
+1 778-899-1576 +1 778-207-8100
EAGLE EYE
PICK & DROP CAR RENTALS & TAXI SERVICE 24 HOURS DELHI AIRPORT SERVICE

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਗਾਰਡੀਅਨ ਐਬਟਸਫੋਰਡ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Ottawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 50 Ending Date: Dec 12, 2025

ਲਖਜੀਤ ਸਿੰਘ ਸਾਰੰਗ
604-613-9100
Super Visa
Travel, Disability
Group Insurance
Life Insurance
Critical Illness
RESP, RRSP
TFSA, FHSA
EXPERIOR FINANCIAL GROUP INC.
LAKHJIT SARAN
604-613-9100

# ਐਬਟਸਫੋਰਡ ਦੇ ਵਕੀਲ ਮਨੀ ਕਲੇਰ ਦਾ ਸ਼ਾਲਾਘਾਯੋਗ ਉੱਦਮ

## ਭਾਰਤ ਵਿੱਚ 'ਇੰਟਰ ਪੰਜਾਬ' ਚਮਕਿਆ, 20ਵਾਂ ਨਾਨਕਸਰ ਕਲੇਰਾਂ ਟੂਰਨਾਮੈਂਟ ਜਿੱਤਿਆ






ਐਬਟਸਫੋਰਡ:-ਐਬਟਸਫੋਰਡ ਦੇ ਉੱਘੇ ਵਕੀਲ ਮਨੀ ਸਿੰਘ ਕਲੇਰ ਵੱਲੋਂ ਸੌਕਰ ਖਿਡਾਰੀਆਂ ਦੀ ਇੱਕ ਵਧੀਆ ਟੀਮ ਤਿਆਰ ਕੀਤੀ ਗਈ ਅਤੇ ਪੰਜਾਬ ਲੈ ਕੇ ਗਏ। ਇਸ ਟੀਮ ਦਾ ਨਾਮ 'ਇੰਟਰ ਪੰਜਾਬ' ਰੱਖਿਆ ਗਿਆ। ਇਸ ਟੀਮ ਦੀ ਪੰਜਾਬ ਯਾਤਰਾ ਦਾ ਆਯੋਜਨ ਅਤੇ ਅਗਵਾਈ ਮਨੀ ਸਿੰਘ ਕਲੇਰ, ਵਕੀਲ, ਐਬਟਸਫੋਰਡ ਨੇ ਕੀਤੀ। ਇਸ ਟੀਮ ਵਿੱਚ ਪੰਜਾਬੀ, ਕੈਨੇਡੀਅਨ, ਅਫਰੀਕੀ ਅਤੇ ਇੱਕ ਅਰਬ ਮੂਲ਼ ਦਾ ਖਿਡਾਰੀ ਸ਼ਾਮਲ ਹਨ। ਇਸ ਟੀਮ ਨੇ ਨਾਨਕਸਰ ਕਲੇਰਾਂ (ਜਗਰਾਉਂ) ਵਿਖੇ 20ਵੇਂ ਫੁੱਟਬਾਲ ਟੂਰਨਾਮੈਂਟ ਵਿੱਚ ਹਿੱਸਾ ਲਿਆ। ਇਸ ਯਾਤਰਾ ਦਾ ਉਦੇਸ਼ ਪੰਜਾਬ ਦੀ ਸੁੰਦਰਤਾ, ਸਿੱਖੀ ਨਾਲ ਪਿਆਰ ਅਤੇ ਪਵਿੱਤਰਤਾ ਨੂੰ ਪ੍ਰਦਰਸ਼ਿਤ ਕਰਨਾ ਸੀ। ਇਹ ਕੈਨੇਡੀਅਨ ਮੂਲ ਦੇ ਪੰਜਾਬੀਆਂ ਨੂੰ ਉਨ੍ਹਾਂ ਦੇ ਵਤਨ ਨਾਲ ਦੁਬਾਰਾ ਜੋੜਨ ਦੀ ਕੋਸ਼ਿਸ਼ ਕਰਨਾ ਸੀ। ਟੀਮ ਵਿਚਲੇ ਗੈਰ-ਪੰਜਾਬੀਆਂ ਨੂੰ ਦਰਸਾਉਣਾ ਸੀ ਕਿ ਪੰਜਾਬ ਅਤੇ ਸਿੱਖੀ ਅਸਲ ਵਿੱਚ ਕੀ ਹੈ ਤਾਂ ਕਿ ਉਨ੍ਹਾਂ ਦੇ ਸਿੱਧੇ ਅਨੁਭਵ ਤੋਂ ਸਿੱਖਾਂ ਅਤੇ ਪੰਜਾਬੀਆਂ ਬਾਰੇ ਇੱਕ ਸਕਾਰਾਤਮਕ ਸੰਦੇਸ਼ ਫੈਲਾਇਆ ਜਾ ਸਕੇ। ਟੀਮ ਨੇ 64 ਟੀਮਾਂ ਵਿੱਚੋਂ ਪਹਿਲਾ ਸਥਾਨ ਜਿੱਤਿਆ। ਟੀਮ ਨੇ ਫਾਈਨਲ ਵਿੱਚ ਪਿੰਡ ਆਲਮਵਾਲਾ, ਬਿਲਾਸਪੁਰ, ਸ਼ੇਰਪੁਰ ਕਲਾਂ ਅਤੇ ਕੋਕਰੀ ਕਲਾਂ ਵਿਰੁੱਧ ਮੈਚ ਖੇਡੇ। ਪੂਰੇ ਟੂਰਨਾਮੈਂਟ ਵਿੱਚ ਇੰਟਰ ਪੰਜਾਬ ਟੀਮ ਵਿਰੁੱਧ ਸਿਰਫ਼ 1 ਗੋਲ ਹੀ ਹੋ ਸਕਿਆ। ਟੀਮ ਨੇ ਪਹਿਲਾ 71,000 ਰੁਪਏ ਦਾ ਨਕਦ ਇਨਾਮ ਜਿੱਤਿਆ। ਇੰਟਰ ਪੰਜਾਬ ਟੀਮ ਇਸ ਇਨਾਮ ਵਿੱਚੋਂ 21,000 ਰੁਪਏ ਕੋਕਰੀ ਕਲਾਂ ਟੀਮ ਨੂੰ ਦਾਨ ਕੀਤੇ ਗਏ ਅਤੇ 50,000 ਰੁਪਏ ਪਿੰਡ ਨਾਨਕਸਰ ਕਲੇਰਾਂ ਟੀਮ ਨੂੰ ਵਾਪਸ ਦਾਨ ਕੀਤੇ ਗਏ। ਇੰਟਰ ਪੰਜਾਬ ਵੱਲੋਂ ਕੋਈ ਇਨਾਮੀ ਰਾਸ਼ੀ ਨਹੀਂ ਰੱਖੀ ਗਈ ਅਤੇ ਵਧੀਆ ਮਿਸਾਲ ਕਾਇਮ ਕੀਤੀ।

# ਜੱਗੀ ਜੌਹਲ ਤਿਹਾੜ ਜੇਲ੍ਹ ਵਿੱਚ ਤਬਦੀਲ, ਪਰਿਵਾਰ ਨੇ ਦੱਸਿਆ ਜਾਨ ਨੂੰ ਖ਼ਤਰਾ



ਗਲਾਸਗੋ- ਸਕਾਟਲੈਂਡ ਦੇ ਡੰਬਾਰਟਨ ਕਸਬੇ ਦੇ 38 ਸਾਲਾ ਸਿੱਖ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਨੂੰ ਅੱਠ ਸਾਲ ਪਹਿਲਾਂ ਜਲੰਧਰ ਦੇ ਇੱਕ ਬਜ਼ਾਰ ਚੋਂ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਸੀ ਅਤੇ ਉਦੋਂ ਤੋਂ ਹੀ ਜੇਲ੍ਹ ਵਿੱਚ ਨਜ਼ਰਬੰਦ ਹੈ। ਜੱਗੀ ਜੌਹਲ ਨੂੰ ਦੋ ਹਫ਼ਤੇ ਪਹਿਲਾਂ ਮੰਡੋਲੀ ਜੇਲ੍ਹ ਤੋਂ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਜਗਤਾਰ ਸਿੰਘ ਜੱਗੀ ਦੇ ਵੱਡੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਕਿਹਾ ਕਿ ਇਹ ਸੋਚ ਕੇ ਬਹੁਤ ਡਰ ਲੱਗਦਾ ਹੈ ਕਿ ਉਸਦਾ ਭਰਾ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਹੈ, ਜੋ ਕਿ ਹਫੜਾ-ਦਫੜੀ, ਭੀੜ-ਭੜੱਕੇ ਅਤੇ ਹਿੰਸਾ ਲਈ ਮਸ਼ਹੂਰ ਹੈ ਅਤੇ ਤਿਹਾੜ ਜੇਲ੍ਹ ਭਾਰਤ ਦੀਆਂ ਸਭ ਤੋਂ ਭੈੜੀਆਂ ਜੇਲ੍ਹਾਂ ਵਿੱਚੋਂ ਇੱਕ ਹੈ। ਮੇਰੇ ਭਰਾ ਨੂੰ ਉੱਥੇ ਬੰਦ ਕਰਨ ਬਾਰੇ ਸੋਚਣਾ ਬਹੁਤ ਡਰਾਉਣਾ ਹੈ। ਪਰਿਵਾਰ ਨੂੰ ਡਰ ਹੈ ਕਿ ਉਸ 'ਤੇ ਹਮਲਾ ਕੀਤਾ ਜਾ ਸਕਦਾ ਹੈ ਜਾਂ ਮਾਰਿਆ ਵੀ ਜਾ ਸਕਦਾ ਹੈ। ਉਹਨਾਂ ਕਿਹਾ ਕਿ ਇਹ ਸਿਧਾਂਤਕ ਨਹੀਂ ਹੈ, ਯੂਕੇ ਸਰਕਾਰ ਜਗਤਾਰ ਦੀ ਜ਼ਿੰਦਗੀ ਨਾਲ ਖੇਡ ਰਹੀ ਹੈ। ਜਗਤਾਰ ਨੂੰ

(ਬਾਕੀ ਸਫਾ ਬੀ-4 ਤੇ ਪੜ੍ਹੋ)

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸ ਪੀ, ਆਰ ਆਰ ਐਸ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੀਵਿੰਗ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਏਬਿਲਿਟੀ ਇੰਸ਼ੋਰੈਂਸ
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ ਡਾਲਰ ਦਾ ਸਭ ਤੋਂ ਵਧੀਆ ਰੇਟ
ਬਖ਼ਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ 6 ਦਿਨ ਕੰਮ, 10 ਘੰਟੇ ਰੋਜ਼ਾਨਾ
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

ਨਵੇਂ ਅਤੇ ਪੁਰਾਣੇ ਟਰੱਕ ਅਤੇ ਟਰੇਲਰ, ਬੱਸਾਂ ਖਰੀਦਣ ਲਈ ਇਕ ਸਟਾਪ ਮੰਜ਼ਿਲ
ਵਧੇਰੇ ਜਾਣਕਾਰੀ ਲਈ ਫੋਨ ਕਰੋ:672-727-9560
(ਇਸ਼ਤਿਹਾਰ ਸਫਾ ਬੀ-7 ਤੇ ਦੇਖੋ)

Pacific Home Warranty
J&J FRESH LOOK HOMES LTD..
ਫਰੇਮਿੰਗ ਦੇ ਕਈ ਸਾਲਾਂ ਦੇ ਤਜਰਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management *Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS • TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
ਆਈ. ਸੀ. ਬੀ. ਸੀ. ਕਲੇਮਜ਼ ਪ੍ਰਾਈਵੇਟ ਕਲੇਮਜ਼ ਫਰੀ ਐਸਟੀਮੇਟ ਫਰੀ ਕਰਟਸੀ ਕਾਰ ਆਟੋ ਗਲਾਸ ਰਿਪਲੇਸਮੈਂਟ
• ICBC Claims • Private Claims • Free Courtesy Cars
• Auto Glass Replacement • Free Estimates Fax: 604-596-3800 Ph. 604-596-2800 Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ 778-552-0305


FARM AND SPICE
FARM AND SPICE
Weekly Special
*Special Sampling in Certain Stores*
Dec 05 – Dec 11
ਪੀਲੇ ਪਿਆਜ਼
Yellow Onion
50 Lbs
$11.99
ਅਨਾਰ
Pomegranate
each
$1.99
ਨਿੰਬੂ
Limes
4 for
$0.99
ਲਸਣ
Garlic
1 Kg
each
$2.99
Ginger
Per lb
$1.49
Cauliflower
each
$2.99
ਸੰਤਰੇ
Large Orange
Per lb
$0.99
ਸੇਬ
Apple Red Delicious/ Granny Smith
Per lb
$1.49
ਸ਼ੇਰ ਬੇਸਨ
Sher Besan
4 Lbs
$4.99
ਹੈਰੀਟੇਜ ਖਜੂਰ
Heritage Premium Dates
680 gms
$5.99
Ambay Everyday Basmati Rice
8 Lbs
$6.99
Lehar Punjabi/Sooji Cookies
2 lb
$4.99
ਬਾਜ਼ ਆਟਾ
Baaz Atta
20 Lbs
$10.99
Ambay Rusk (Gur, Milk, Suji)
350 gms
$1.99
Ambay Kala Chana/ Red Split Lentils
4lbs
$3.99
ਚੋਕੀ ਢਾਣੀ ਸਾਗ/ਪਾਲਕ ਪਿਊਰੀ
Choki Dhani Sarson Ka Saag / Spinach Puree
800gms
$2.99
*while supplies last
Open 7 Days a Week
8:30 am to 10:00 pm
farmandspice.com
#9546-9548 Scott Town Plaza
96 Ave Scott Road Surrey
# 09-10 12830 96 Ave.
Surrey BC | Tel: 604 930 7742
# 103-104 14320 64 Ave.
Surrey BC | Tel: 604 593 6323

# ਹਰਿਆਣੇ ਦੇ ਮੁਸਲਿਮ ਵਕੀਲ ਰਾਹੀ ਖ਼ਾਲਿਸਤਾਨੀਆਂ ਨੂੰ ਪੈਸੇ ਆਉਣ ਦਾ ਪ੍ਰਚਾਰ ਤੇ ਪ੍ਰਸਾਰ ਕੇਵਲ ਤੇ ਕੇਵਲ ਸਿੱਖ ਤੇ ਮੁਸਲਿਮ ਕੌਮ ਨੂੰ ਬਦਨਾਮ ਕਰਨ ਦੀ ਸਾਜਿਸ਼:ਮਾਨ

ਨਵੀਂ ਦਿੱਲੀ:ਜਦੋ ਸਾਡੀ ਸਿੱਖ ਕੌਮ ਆਪਣੀ ਕੌਮੀ ਮੰਜਿਲ ਖ਼ਾਲਿਸਤਾਨ ਦੇ ਸੰਘਰਸ ਨੂੰ ਕੌਮਾਂਤਰੀ ਕਾਨੂੰਨਾਂ ਤੇ ਨਿਯਮਾਂ ਅਨੁਸਾਰ 'ਇਨ ਗਰੀਬ ਸਿੱਖਨੁ ਕੋ ਦੇਊ ਪਾਤਸਾਹੀ' ਤੋਂ ਦੀ ਮਨੁੱਖਤਾ ਪੱਖੀ ਸੋਚ ਅਨੁਸਾਰ ਆਪਣੀ ਆਜਾਦੀ ਦਾ ਸੰਘਰਸ ਕਰ ਰਹੀ ਹੈ ਅਤੇ ਜਦੋ ਹਰ ਤਰ੍ਹਾ ਦੇ ਹਥਿਆਰ ਆ ਰਹੇ ਹਨ, ਫਿਰ ਇਕ ਵਕੀਲ ਰਾਹੀ ਸਾਡੇ ਸੰਘਰਸ ਨੂੰ ਪੈਸੇ ਆਉਣ ਦੀ ਖਬਰ ਪ੍ਰਕਾਸਿਤ ਕਰਕੇ ਇਹ ਮੁਤੱਸਵੀ ਹੁਕਮਰਾਨ ਇਕ ਤੀਰ ਨਾਲ ਮੁਸਲਿਮ ਤੇ ਸਿੱਖ ਕੌਮ ਨੂੰ ਨਿਸ਼ਾਨਾਂ ਬਣਾਉਣ ਦੇ ਅਮਲ ਕਰ ਰਹੇ ਹਨ।ਇਨ੍ਹਾਂ ਦੀ ਇਸ ਪ੍ਰਕਾਸਿਤ ਖਬਰ ਵਿਚ ਕੋਈ ਸੱਚਾਈ ਤੇ ਦਮ ਨਹੀਂ। ਕਿਉਂਕਿ ਅਸੀ ਜੋ ਆਪਣੀ ਆਜਾਦੀ ਦਾ ਸੰਘਰਸ ਕਰ ਰਹੇ ਹਾਂ ਉਹ ਕੇਵਲ ਪੈਸੇ ਦੇ ਬਿਨ੍ਹਾਂ ਤੇ ਨਹੀ ਉਹ ਇਕ ਕੌਮੀ ਜ਼ਜਬਾਤ, ਸਿੱਖ ਕੌਮ ਦੀ ਅਣਖ, ਗੈਰਤ ਨੂੰ ਕਾਇਮ ਰੱਖਣ ਲਈ ਕਰ ਰਹੇ ਹਾਂ। ਇਹ ਹੋਰ ਵੀ ਵਿਤਕਰੇ ਅਤੇ ਗੈਰ ਵਿਧਾਨਿਕ ਵਾਲੀ ਕਾਰਵਾਈ ਹੈ ਕਿ ਜਦੋ ਬਹੁਗਿਣਤੀ ਨਾਲ ਸੰਬੰਧਤ ਹਿੰਦੂ ਆਗੂ ਅਤੇ ਸੰਸਥਾਵਾਂ ਹਿੰਦੂ ਰਾਸਟਰ ਬਣਾਉਣ ਦੀ ਗੱਲ ਕਰ ਰਹੀਆ ਹਨ ਤਾਂ ਹੁਕਮਰਾਨ ਤੇ ਇਥੋ ਦਾ ਕਾਨੂੰਨ ਉਨ੍ਹਾਂ ਨੂੰ ਕਤਈ ਦੋਸੀ ਨਹੀ ਠਹਿਰਾਉਦਾ ਅਤੇ ਜਦੋ ਸਿੱਖ ਕੌਮ ਜੋ ਨਿਰੰਤਰ ਬੀਤੇ 78 ਸਾਲਾਂ ਤੋ ਹੁਕਮਰਾਨਾਂ ਦੇ ਜਬਰ ਜੁਲਮ ਤੇ ਬੇਇਨਸਾਫ਼ੀਆਂ ਦਾ ਸਿਕਾਰ ਹੁੰਦੀ ਆ ਰਹੀ ਹੈ ਅਤੇ ਉਹ ਆਪਣੀ ਆਜਾਦੀ ਨੂੰ ਪ੍ਰਾਪਤ ਕਰਨ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਨੂੰ ਘਸੀਆ ਪਿੱਟੀਆ ਦਲੀਲਾਂ ਰਾਹੀ ਬਦਨਾਮ ਕਰਕੇ ਉਨ੍ਹਾਂ ਤੇ ਤਸੱਦਦ ਜੁਲਮ ਢਾਹਿਆ ਜਾਂਦਾ ਹੈ ਤੇ ਸਮੁੱਚੇ ਮੁਲਕ ਵਿਚ ਉਨ੍ਹਾਂ ਵਿਰੁੱਧ ਨਫਰਤ ਪੈਦਾ ਕੀਤੀ ਜਾਂਦੀ ਹੈ, ਕਿਉਂ ? ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਦੇ ਅਖਬਾਰਾਂ ਵਿਚ ਇਕ ਹਰਿਆਣਾ ਦੇ ਵਕੀਲ ਰਾਹੀ ਸਿੱਖ ਕੌਮ ਦੇ ਖਾਲਿਸਤਾਨ ਦੇ ਸੰਘਰਸ ਨੂੰ ਪੈਸੇ ਆਉਣ ਦੀ ਨਿਰਆਧਾਰ ਖਬਰ ਪ੍ਰਕਾਸਿਤ ਕਰਨ ਅਤੇ ਇਸੇ ਬਹਾਨੇ ਮੁਸਲਿਮ ਤੇ ਸਿੱਖ ਦੋਵਾਂ ਘੱਟ ਗਿਣਤੀ ਕੌਮਾਂ ਵਿਰੁੱਧ ਨਫਰਤ ਪੈਦਾ ਕਰਕੇ ਨਿਸ਼ਾਨਾਂ ਬਣਾਉਣ ਦੀਆਂ ਹਕੂਮਤੀ ਕਾਰਵਾਈਆ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਹਰ ਕੀਮਤ ਤੇ ਆਪਣੀ ਕੌਮੀ ਮੰਜਿਲ ਦੀ ਪ੍ਰਾਪਤੀ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਇਸ ਗੱਲ ਦਾ ਵੀ ਖੁੱਲ੍ਹਕੇ ਵੇਰਵਾ ਦਿੱਤਾ ਕਿ ਪੁਲਵਾਮਾ ਤੇ ਪਹਿਲਗਾਮ ਦੁੱਖਦਾਇਕ ਘਟਨਾਵਾ ਜੋ ਵਾਪਰੀਆ ਹਨ, ਉਨ੍ਹਾਂ ਘਟਨਾਵਾ ਦੀ ਅੱਜ ਤੱਕ ਕਿਸੇ ਵੀ ਖੂਫੀਆ ਏਜੰਸੀ ਜਾਂ ਨਿਰਪੱਖ ਕਮਿਸਨ ਵੱਲੋ ਜਾਂਚ ਹੀ ਨਹੀ ਕਰਵਾਈ ਗਈ।ਜਿਸ ਤੋ ਪ੍ਰਤੱਖ ਹੁੰਦਾ ਹੈ ਕਿ ਇਹ ਅਜਿਹੇ ਹਮਲੇ ਵੀ ਹਕੂਮਤੀ ਸਾਜਿਸਾਂ ਦਾ ਨਤੀਜਾ ਹਨ।ਜਿਸ ਨਾਲ ਕਦੀ ਮੁਸਲਿਮ ਕੌਮ ਨੂੰ, ਕਦੀ ਸਿੱਖ ਕੌਮ ਨੂੰ ਬਦਨਾਮ ਕੀਤਾ ਜਾਂਦਾ ਹੈ। ਜੋ ਪੈਸੇ ਟਰਾਸਫਰ ਦੀ ਗੱਲ ਕੀਤੀ ਜਾ ਰਹੀ ਹੈ, ਇਹ ਪੈਸੇ ਰਿਜਬਰ ਬੈਂਕ ਆਫ ਇੰਡੀਆ ਤੇ ਦੂਜੇ ਬੈਕਾਂ ਰਾਹੀ ਹੀ ਹੋ ਸਕਦੇ ਹਨ ਫਿਰ ਸਰਕਾਰ ਆਪਣੇ ਬੈਂਕ ਨੀਤੀ ਅਨੁਸਾਰ ਅਜਿਹੇ ਖਾਤਿਆ ਤੇ ਖਾਤਾ ਧਾਰਕਾ ਦੀਆਂ ਟਰਾਸਜੈਕਸਨਾਂ ਉਤੇ ਰੋਕ ਕਿਉਂ ਨਹੀ ਲਗਾ ਸਕੀ? ਜਾਂ ਇਨ੍ਹਾਂ ਦੇ ਬੈਂਕ ਖਾਤੇ ਫਰੀਜ ਕਿਉਂ ਨਹੀ ਕੀਤੇ ਗਏ? ਇਸ ਅਮਲ ਤੋ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਸਾਡੀਆ ਘੱਟ ਗਿਣਤੀ ਕੌਮਾਂ ਨੂੰ ਬਦਨਾਮ ਕਰਨ ਅਤੇ ਨਿਸ਼ਾਨਾਂ ਬਣਾਉਣ ਦੇ ਹਕੂਮਤੀ ਅਮਲ ਹੋ ਰਹੇ ਹਨ।ਉਨ੍ਹਾਂ ਹਕੂਮਤੀ ਵਧੀਕੀਆ ਤੇ ਜ਼ਬਰ ਜੁਲਮ



ਦਾ ਵੇਰਵਾ ਦਿੰਦੇ ਹੋਏ ਕਿਹਾ ਕਿ ਬੀਤੇ ਸਮੇ ਵਿਚ ਜਦੋ ਨਾਜੀਆ ਨੇ ਯਹੂਦੀਆ ਉਤੇ ਜਬਰ ਢਾਹਿਆ ਅਤੇ ਉਨ੍ਹਾਂ ਨੂੰ ਗੈਸ ਚੈਬਰਾਂ ਵਿਚ ਬੰਦ ਕਰਕੇ ਤਸੀਹੇ ਦੇ ਕੇ ਵੱਡੀ ਗਿਣਤੀ ਵਿਚ ਮਾਰਿਆ ਤਾਂ ਉਨ੍ਹਾਂ ਨੇ ਇਹ ਅਮਲ ਉਨ੍ਹਾਂ ਮੁਲਕਾਂ ਤੇ ਖੇਤਰਾਂ ਵਿਚ ਹੀ ਕੀਤੇ ਜਿਨ੍ਹਾਂ ਨੂੰ ਹਿਟਲਰ ਨੇ ਫਤਹਿ ਕੀਤਾ ਸੀ ਜਿਵੇ ਨਾਰਵੇ, ਹਾਲੈਡ, ਫਰਾਂਸ, ਚੈਕੋਸਲਵਾਕੀਆ, ਪੋਲੈਡ ਆਦਿ।ਲੇਕਿਨ ਇੰਡੀਅਨ ਹੁਕਮਰਾਨਾਂ ਦੇ ਅਜਿਹੇ ਅਣਮਨੁੱਖੀ ਅਤੇ ਕੌਮਾਂਤਰੀ ਕਾਨੂੰਨਾਂ ਨੂੰ ਤੋੜਨ ਵਾਲੇ ਅਮਲ ਹੋਏ ਹਨ ਇਨ੍ਹਾਂ ਦੀ ਮੋਦੀ ਸਮੇਤ ਚੰਡਾਲ ਚੌਕੜੀ ਵਿਚ ਸਾਮਿਲ ਗ੍ਰਹਿ ਵਜੀਰ ਅਮਿਤ ਸ਼ਾਹ, ਵਿਦੇਸ ਵਜੀਰ ਜੈਸੰਕਰ, ਰੱਖਿਆ ਵਜੀਰ ਰਾਜਨਾਥ ਸਿੰਘ, ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਮੁੱਖੀ ਰਵੀ ਸਿਨ੍ਹਾ ਅਤੇ ਸਾਬਕਾ ਰਾਅ ਮੁੱਖੀ ਸੰਮਤ ਗੋਇਲ ਨੇ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਅਤੇ ਗੁਰਪ੍ਰੀਤ ਸਿੰਘ ਹਰੀਨੌ ਪੰਜਾਬ ਦੇ ਕਤਲ ਕਰਵਾਏ ਅਤੇ ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸਿਸ ਕੀਤੀ।ਹਿਟਲਰ ਨੇ ਕਦੇ ਵੀ ਬਾਹਰਲੇ ਮੁਲਕਾਂ ਅਮਰੀਕਾ, ਕੈਨੇਡਾ, ਬਰਤਾਨੀਆ ਆਦਿ ਦੇ ਯਹੂਦੀਆ ਨੂੰ ਕਦੇ ਨਹੀ ਮਾਰਿਆ। ਜਿਸ ਤੋ ਪ੍ਰਤੱਖ ਹੋ ਗਿਆ ਹੈ ਕਿ ਇਹ ਹਿਟਲਰ ਦੇ ਜ਼ਬਰ ਜੁਲਮਾਂ ਤੋ ਵੀ ਹਿੰਦੂਤਵ ਹੁਕਮਰਾਨ ਟੱਪ ਚੁੱਕੇ ਹਨ ਅਤੇ ਮਨੁੱਖੀ ਅਧਿਕਾਰਾਂ ਦਾ ਘੋਰ ਉਲੰਘਣ ਕਰ ਰਹੇ ਹਨ।

## ਜਬਰੀ ਵਸੂਲੀ ਦੇ ਮਾਮਲਿਆਂ ਅਧੀਨ 96 ਕਾਬੂ

ਐਡਮਿੰਟਨ: ਕੈਨੇਡਾ ਵਿਚ ਭਾਰਤੀ ਕਾਰੋਬਾਰੀਆਂ 'ਤੇ ਗੋਲੀਆਂ ਚਲਾਉਣ ਦੇ ਦੋਸ਼ ਹੇਠ ਅੜਿੱਕੇ ਆਏ ਸ਼ੱਕੀਆਂ ਦੀ ਗਿਣਤੀ ਸੈਂਕੜਾ ਪਾਰ ਕਰਦੀ ਨਜ਼ਰ ਆ ਰਹੀ ਹੈ ਜਿਨ੍ਹਾਂ ਨੂੰ ਬਾਰਡਰ ਏਜੰਟਾਂ ਵੱਲੋਂ ਜਲਦ ਡਿਪੋਰਟ ਕੀਤਾ ਜਾ ਸਕਦਾ ਹੈ। ਬੀ.ਸੀ. ਦੀ ਐਕਸਟੌਰਸ਼ਨ ਟਾਸਕ ਫ਼ੋਰਸ ਨੇ 96 ਵਿਦੇਸ਼ੀ ਨਾਗਰਿਕਾਂ ਦੁਆਲੇ ਘੇਰਾ ਕੱਸ ਦਿੱਤਾ ਹੈ ਅਤੇ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਨ੍ਹਾਂ ਨੂੰ ਕੈਨੇਡਾ ਵਿਚ ਰਹਿਣਯੋਗ ਨਾ ਮੰਨਦਿਆਂ ਡਿਪੋਰਟ ਕਰਨ ਦੀ ਕਾਰਵਾਈ ਆਰੰਭੀ ਜਾ ਰਹੀ ਹੈ।

ਐਕਸਟੌਰਸ਼ਨ ਟਾਸਕ ਫੋਰਸ ਨੇ ਕਿਹਾ ਕਿ ਇੰਮੀਗ੍ਰੇਸ਼ਨ ਐਂਡ ਰਫ਼ਿਊਜੀ ਪ੍ਰੋਟੈਕਸ਼ਨ ਐਕਟ ਅਧੀਨ ਕੈਨੇਡਾ ਵਿਚ ਰਹਿਣਯੋਗ ਨਾ ਮੰਨੇ ਜਾਣ ਵਾਲਿਆਂ ਨੂੰ ਜਿੰਨਾ ਛੇਤੀ ਸੰਭਵ ਹੋ ਸਕੇ ਡਿਪੋਰਟ ਕਰਨ ਦੀ ਜ਼ਿੰਮੇਵਾਰੀ ਸੀ.ਬੀ.ਐਸ.ਏ. ਦੀ ਬਣਦੀ ਹੈ ਪਰ ਡਿਪੋਰਟ ਕੀਤੇ ਜਾ ਰਹੇ ਵਿਦੇਸ਼ੀ ਨਾਗਰਿਕਾਂ ਦੀ ਸ਼ਨਾਖਤ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਜਾ ਸਕਦੀ।













# ਕੈਨੇਡੀਅਨ ਸਿੱਖਾਂ ਵੱਲੋਂ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਦਾ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਵੈਨਕੂਵਰ ਅਤੇ ਲੱਛਮੀ ਨਰਾਇਣ ਮੰਦਰ ਸਰੀ ਦੇ ਬਾਹਰ ਭਾਰੀ ਵਿਰੋਧ



ਨਵੀਂ ਦਿੱਲੀ:ਕੈਨੇਡਾ ਦੀ ਖਾਲਸਾ ਦੀਵਾਨ ਸੋਸਾਇਟੀ ਰੋਸ ਗੁਰਦੁਆਰਾ ਵੈਨਕੂਵਰ ਵੱਲੋਂ 29 ਨਵੰਬਰ ਨੂੰ ਅਤੇ 30 ਨਵੰਬਰ ਨੂੰ ਲਕਸ਼ਮੀ ਨਰਾਇਣ ਮੰਦਰ ਸਰੀ ਦੇ ਪ੍ਰਬੰਧਕਾਂ ਵੱਲੋਂ ਭਾਰਤੀ ਕੌਂਸਲਰ ਵੈਨਕੂਵਰ ਦੀ ਟੀਮ ਨੂੰ ਸਦਕੇ ਲਾਈਫ ਸਰਟੀਫਿਕੇਟ ਵੰਡਣ ਲਈ ਕੈਂਪ ਲਾਉਣ ਲਈ ਬੁਲਾਇਆ ਗਿਆ ਸੀ ਜਿਸ ਦਾ ਪਤਾ ਲੱਗਣ ਤੇ ਟੀਮ ਭਾਈ ਨਿੱਝਰ ਦੇ ਨਾਲ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਮੈਂਬਰ ਅਤੇ ਖ਼ਾਲਿਸਤਾਨ ਸਮਰਥਕਾਂ ਨੇ ਉਥੇ ਪੁੱਜ ਕੇ ਜ਼ੋਰਦਾਰ ਵਿਰੋਧ ਕੀਤਾ। ਇਥੇ ਦੱਸਣਯੋਗ ਹੈ ਕਿ ਖਾਲਿਸਤਾਨ ਸਰਮਥਕਾਂ ਨੂੰ ਰੋਕਣ ਲਈ ਖ਼ਾਲਸਾ ਦੀਵਾਨ ਸੋਸਾਇਟੀ ਅਤੇ ਮੰਦਰ ਦੀਆਂ ਕਮੇਟੀਆਂ ਵੱਲੋਂ 100 ਮੀਟਰ ਦੀ ਦੂਰੀ ਤੇ ਬੈਰੀਅਰ ਬਣਾਏ ਗਏ ਕਿ ਵਿਰੋਧ ਕਰਣ ਲਈ ਟੀਮ ਭਾਈ ਨਿੱਝਰ ਦੇ ਮੈਂਬਰ ਅੰਦਰ ਨਾ ਆ ਸਕਣ ਦੇ ਬਾਵਜੂਦ ਗੁਰਦੁਆਰਾ ਸਾਹਿਬ ਵਿਖੇ ਰੱਖੇ ਗਏ ਵੈਨਕੂਵਰ ਦੇ ਭਾਰਤੀ ਕੌਂਸਲੇਟ ਵੱਲੋਂ ਸਰਕਾਰੀ ਪ੍ਰੋਗਰਾਮ ਉੱਪਰ ਐਸਐਫਜੇ-ਪੱਖੀ ਸਿੱਖਾਂ ਨੇ ਵੱਡੀ ਪੱਧਰ ਤੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ। ਦੱਸਣਯੋਗ ਹੈ ਕਿ ਕੈਨੇਡਾ ਦੀ ਧਰਤੀ 'ਤੇ ਭਾਰਤ ਵਲੋਂ ਚਲਾਏ ਜਾ ਰਹੇ ਅੱਤਵਾਦੀ ਨੈੱਟਵਰਕ ਨੂੰ ਬੰਦ ਕਰਨ ਲਈ ਖਾਲਿਸਤਾਨੀ ਪੱਖੀ ਸਿੱਖ ਇਹਨਾਂ ਭਾਰਤੀ ਕਾਊਂਸਲੈਟਾਂ ਦਾ ਹਰੇਕ ਜਗ੍ਹਾ ਜਾ ਕੇ ਵਿਰੋਧ ਕਰਦੇ ਹਨ ਜੋ ਇਹ ਸਿੱਖਾਂ ਦੇ ਗੁਰਦੁਆਰਿਆਂ ਵਿੱਚ ਘੁਸਪੈਠ ਕਰਕੇ ਲਾਈਫ ਸਰਟੀਫਿਕੇਟ ਜਾਂ ਹੋਰ ਕਾਗਜ਼ਾਤ ਵੰਡਣ ਦੇ ਬਹਾਨੇ ਆਉਂਦੇ ਹਨ, ਗੁਰਦੁਆਰੇ ਦੇ ਬਾਹਰ ਸਿੱਖਾਂ ਨੇ ਤਿਰੰਗੇ ਝੰਡੇ ਦੀ ਬੇਹੁਰਮਤੀ ਕੀਤੀ ਅਤੇ ਖਾਲਿਸਤਾਨ ਦੀ ਜੰਮ ਕੇ ਨਾਅਰੇਬਾਜ਼ੀ ਕੀਤੀ। ਭਾਰਤੀ ਹਕੂਮਤ ਅਤੇ ਉਸ ਦੇ ਕਰਿੰਦੇ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਵਿੱਚ ਸ਼ਾਮਲ ਹਨ ਜੋ ਕਿ ਕੈਨੇਡਾ ਦੀ ਧਰਤੀ ਤੇ ਦਖਲ-ਅੰਦਾਜ਼ੀ ਕਰਕੇ ਕੈਨੇਡਾ ਲਈ ਵੀ ਖ਼ਤਰਾ ਬਣ ਚੁੱਕੇ ਹਨ। ਖ਼ਾਲਸਾ ਦੀਵਾਨ ਸੋਸਾਇਟੀ ਵੱਲੋਂ ਅਜਿਹਾ ਪ੍ਰੋਗਰਾਮ ਕਰਵਾਉਣਾ ਅਤੇ ਉਸ ਵਿਚ ਭਾਰਤੀ ਕੌਂਸਲੇਟ ਅਤੇ ਉਸ ਦੇ ਕਰਿੰਦਿਆਂ ਨੂੰ ਬੁਲਾਵਾ ਦੇਣਾ ਬੇਹੱਦ ਹੀ ਨਿੰਦਣਯੋਗ ਹੈ। ਇਸ ਰੋਸ ਪ੍ਰਦਰਸ਼ਨ ਵਿਚ ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਰੰਧਾਵਾ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਮਨਜਿੰਦਰ ਸਿੰਘ, ਭਾਈ ਰਜਿੰਦਰ ਸਿੰਘ ਨੱਤ, ਭਾਈ ਦਲਜੀਤ ਸਿੰਘ, ਭਾਈ ਜੈਗ ਸਿੰਘ, ਭਾਈ ਅਜੈਪਾਲ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਰਨੈਲ ਸਿੰਘ, ਭਾਈ ਬਹਾਦਰ ਸਿੰਘ ਸਮੇਤ ਵਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ ।

(ਮੁੱਖ ਪੰਨੇ ਦੀ ਬਾਕੀ)

ਭਾਰਤ ਦੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਦੇ ਤਹਿਤ, ਜੇਲ੍ਹ ਦੇ ਇੱਕ ਉੱਚ-ਜੋਖਮ ਵਾਲੇ ਵਿੰਗ ਵਿੱਚ ਰੱਖਿਆ ਗਿਆ ਹੈ। ਅਧਿਕਾਰੀਆਂ ਨੇ ਉਸਨੂੰ ਤਬਦੀਲ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਹੈ ਅਤੇ ਅਜਿਹਾ ਬਿਨਾਂ ਕਿਸੇ ਚੇਤਾਵਨੀ ਜਾਂ ਜਾਇਜ਼ਤਾ ਦੇ ਕੀਤਾ ਹੈ। ਪਿਛਲੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਇਨ੍ਹਾਂ ਵਿੰਗਾਂ ਵਿੱਚ ਕੈਦੀਆਂ ਨੂੰ ਗੰਭੀਰ ਕੁੱਟਮਾਰ ਅਤੇ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਹੈ।


SAVVY Immigration Services Inc.
iccrc crcic
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ
*Temporary Visa *Student Visa
*Work Permit *Permanent Immigration
*Humanitarian & Compassionate Cases
Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday

FIXMAN GLASS REPAIR LTD
Auto / Residential / Commercial
"We Are The Clear Choice" GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000
Mandeep Dhaliwal
www.fixmanglass.com Email:fixmanglass@gmail.com

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜ਼ਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

Punjab TRAVELS
Special offer!
ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।
ਜੀਵਨ ਸਿੰਘ ਮੋਗਾ
▸▸ ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
▸▸ ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
▸▸ ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ
Ph : 604-825-3075, 604-744-4400
2642 Cedar Park Abbotsford, British Columbia V2T 3S5

SekCheck FINGERPRINTING SERVICES
*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver
Ph:604-628-4446, 778-536-1188
#255-13711-72Ave Surrey, BC

# ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਅਰਜ਼ੀ ਰੱਦ ਕਰਨ ਦਾ ਆਧਾਰ ਪੁੱਛਿਆ



ਦਿੱਲੀ:-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਉਹ ਬੁਨਿਆਦੀ ਸਮੱਗਰੀ ਅਦਾਲਤ ਵਿੱਚ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਹੈ, ਜਿਸ ਦੇ ਆਧਾਰ 'ਤੇ ਅੰਮ੍ਰਿਤਪਾਲ ਸਿੰਘ ਦੀ ਪੈਰੋਲ ਅਰਜ਼ੀ ਰੱਦ ਕਰਨ ਦਾ ਹੁਕਮ ਪਾਸ ਕੀਤਾ ਗਿਆ ਸੀ। ਇਹ ਨਿਰਦੇਸ਼ ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੀ ਡਿਵੀਜ਼ਨ ਬੈਂਚ ਵੱਲੋਂ ਉਦੋਂ ਆਇਆ ਜਦੋਂ ਪੰਜਾਬ ਸਰਕਾਰ ਵੱਲੋਂ ਦੱਸਿਆ ਗਿਆ ਅੰਮ੍ਰਿਤਪਾਲ ਸਿੰਘ ਬਾਹਰ ਆ ਕੇ ਬੋਲਣ ਲਈ ਆਜ਼ਾਦ ਹੋਣਗੇ। ਇਹ ਬਿਆਨ ਸਰਕਾਰ ਵੱਲੋਂ ਸੀਨੀਅਰ ਵਕੀਲ ਅਨੁਪਮ ਗੁਪਤਾ ਨੇ ਦਿੱਤਾ ਸੀ। ਇਹ ਟਿੱਪਣੀ ਅੰਮ੍ਰਿਤਪਾਲ ਸਿੰਘ ਦੇ ਸੀਨੀਅਰ ਵਕੀਲ ਆਰਐੱਸ ਬੈਂਸ ਦੇ ਉਸ ਸੁਝਾਅ ਦੇ ਜਵਾਬ ਵਿੱਚ ਕੀਤੀ ਗਈ ਸੀ ਕਿ ਸਿੰਘ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸੰਸਦੀ ਕਾਰਵਾਈ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ। ਸਪੀਕਰ ਵੱਲੋਂ ਪੇਸ਼ ਹੋਏ ਭਾਰਤ ਦੇ ਵਧੀਕ ਸਾਲਿਸਿਟਰ ਜਨਰਲ ਸੱਤਿਆ ਪਾਲ ਜੈਨ ਨੇ ਕਿਹਾ ਕਿ ਵੀਡੀਓ ਕਾਨਫਰੰਸਿੰਗ ਰਾਹੀਂ ਸੰਸਦ ਸੈਸ਼ਨ ਵਿੱਚ ਸ਼ਾਮਲ ਹੋਣ ਦਾ ਕੋਈ ਪ੍ਰਬੰਧ ਨਹੀਂ ਹੈ। ਦੱਸ ਦਈਏ ਕਿ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਸਿੰਘ, ਇਸ ਸਮੇਂ ਅਸਾਮ ਦੇ ਡਿਬਰੂਗੜ੍ਹ ਦੀ ਜੇਲ੍ਹ ਵਿੱਚ ਕੌਮੀਂ ਸੁਰੱਖਿਆ ਐਕਟ ਤਹਿਤ ਬੰਦ ਹਨ।



LANGLEY
BANQUET HALL



ਵਿਆਹ-ਸ਼ਾਦੀ, ਜਨਮ ਦਿਨ ਜਾ ਹੋਰ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਪਾਰਟੀ ਆਦਿ ਲਈ
ਲੈਂਗਲੀ ਬੈਂਕੁਇਟ ਹਾਲ
ਬੁੱਕ ਕਰੋ।

• Wedding • Corporate Events
• Private Dinner • Bithday Parties
• Gurudwara and Live Catering

ਅਸੀਂ ਗੁਰਦੁਆਰਾ, ਮੰਦਰ, ਵਿਆਹ ਸ਼ਾਦੀਆਂ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਫੰਕਸ਼ਨ ਲਈ ਵਾਜਿਬ ਕੀਮਤਾਂ ਤੇ ਕੇਟਰਿੰਗ ਵੀ ਕਰਦੇ ਹਾਂ।



Call:Davinder S. Grewal
604-537-9759
info@langleybanquethall.com
3227 264 St UNIT #6, Aldergrove, BC V4W 2X3

ਮਨ ਮਨੁੱਖ ਦੀ ਕੁੰਜੀ ਹੈ
Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis
• De-addiction
• Migraine
• Sexual Problems
• Arthritis
• Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com


# ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

## ਇਸ ਹਫਤੇ ਦੇ ਪ੍ਰੋਗਰਾਮ

6 ਦਸੰਬਰ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਹਰਪਾਲ ਸਿੰਘ ਪਰਿਵਾਰ ਵੱਲੋਂ ਸਵਰਗੀ ਬੇਟੇ ਦੇ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ।

6 ਦਸੰਬਰ ਸ਼ਾਮ 3 ਵਜੇ ਬੀਬੀ ਸਿਮਰਜੀਤ ਕੌਰ ਸਹੋਤਾ ਦਾ ਅੰਤਮ ਸਸਕਾਰ ਫਾਈਵ ਰਿਵਰ ਫਿਊਨਰਲ ਹੋਮ ਵਿਖੇ ਹੋਵੇਗਾ, ਉਪਰੰਤ 4.30 ਵਜੇ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਹੋਵੇਗੀ।

6 ਦਸੰਬਰ ਸ਼ਾਮ ਮੇਨ ਹਾਲ 2 ਵਿਚ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ:

1. ਅੰਗਰੇਜ ਸਿੰਘ ਪਰਿਵਾਰ ਵੱਲੋਂ ਬੱਚੇ ਦੇ ਜਨਮ ਦੀ ਖੁਸ਼ੀ ਵਿਚ
2. ਸਰਬਜੀਤ ਸਿੰਘ ਪਰਿਵਾਰ ਵੱਲੋਂ

7 ਦਸੰਬਰ ਦਿਨ ਐਤਵਾਰ 2 ਪਰਿਵਾਰਾਂ ਵੱਲੋਂ ਮੇਨ ਹਾਲ ਵਿਚ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਤੇ ਲੰਗਰਾਂ ਦੀ ਸੇਵਾ ਹੋਵੇਗੀ:

1. ਮਨਜੀਤ ਸਿੰਘ ਪਰਿਵਾਰ ਵੱਲੋਂ ਬੱਚੀ ਦੇ ਜਨਮ ਦਿਨ ਤੇ 2. ਹਰਕਮਲ ਸਿੰਘ ਪਰਿਵਾਰ ਵੱਲੋਂ ਬੱਚੀ ਦੇ ਜਨਮ ਦਿਨ ਤੇ

10 ਦਸੰਬਰ ਦਿਨ ਬੁੱਧਵਾਰ ਬੀਬਾ ਬਲਜੀਤ ਕੌਰ ਤੇ ਕਾਕਾ ਸਿਮਰਜੀਤ ਸਿੰਘ ਦੇ ਅਨੰਦਕਾਰਜ ਹੋਣਗੇ


**1 ਦਸੰਬਰ ਤੋਂ 28 ਦਸੰਬਰ ਤੱਕ ਸ਼ਾਮ 6 ਵਜੇ ਤੋਂ 6.30 ਵਜੇ ਤੱਕ ਗੁਰਮੰਤਰ ਦੇ ਜਾਪ ਸਮੂਹ ਸ਼ਹੀਦਾਂ ਦੀ ਯਾਦ ਵਿਚ ਹੋਣਗੇ।**

ਨੋਟ:ਗੁਰਦੁਆਰਾ ਸਾਹਿਬ ਵਿਖੇ ਬੁੱਧਵਾਰ, ਵੀਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਸ਼ਾਮ 7-9 ਵਜੇ ਤੱਕ ਗੁਰਬਾਣੀ ਸੰਥਿਆ, ਕੀਰਤਨ ਤੇ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਹਨ

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਹਿ।।
ਗੁ. ਗੁਰਸਾਗਰ ਮਸਤੂਆਣਾ ਸਾਹਿਬ ਸਰੀ ਵਿਖੇ

**ਗੁਰਬਾਣੀ ਸਿਮਰਨ**
**ਹਰ ਐਤਵਾਰ**
**ਦੁਪਹਿਰ 1 ਤੋਂ 4 ਵਜੇ ਤੱਕ**
ਹੁੰਦੇ ਹਨ, ਸਭ ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ





**ਰਾਗੀ ਜੱਥਾ**
ਸਤਨਾਮ ਸਿੰਘ
ਲੁਧਿਆਣੇ ਵਾਲੇ

**ਕਥਾਵਾਚਕ**
ਗਿਆਨੀ ਨਿਰਵੈਲ ਸਿੰਘ
ਬੀੜ ਬਾਬਾ ਬੁੱਢਾ ਜੀ ਵਾਲੇ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-585-0319

## ਰੋਜਾਨਾ ਦੇ ਪ੍ਰੋਗਰਾਮ

### ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

### ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

ਹਰ ਮੱਸਿਆ ਤੇ ਸ਼ਾਮ ਨੂੰ 6-9 ਵਜੇ ਵਿਸ਼ੇਸ਼ ਪ੍ਰੋਗਰਾਮ ਹੁੰਦੇ ਹਨ

**ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ:ਗੁਰਦੁਆਰਾ ਸਾਹਿਬ:604-585-0319**

**ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007**

# ਜਾਪਾਨ ਸਰਕਾਰ ਨੇ ਮੁਸਲਮਾਨਾਂ ਦੇ ਕਬਰਿਸਤਾਨ ਤੇ ਲਈ ਰੋਕ

ਟੋਕੀਓ: ਜਪਾਨ ਤੋਂ ਇੱਕ ਮਹੱਤਵਪੂਰਨ ਖ਼ਬਰ ਸਾਹਮਣੇ ਆਈ ਹੈ, ਜਿੱਥੇ ਸਰਕਾਰ ਨੇ ਮੁਸਲਿਮ ਦਫ਼ਨਾਉਣ ਲਈ ਹੋਰ ਜ਼ਮੀਨ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਜਾਪਾਨੀ ਸਰਕਾਰ ਜ਼ੋਰ ਦੇ ਕੇ ਕਹਿੰਦੀ ਹੈ ਕਿ ਮੁਸਲਮਾਨਾਂ ਨੂੰ ਦਫ਼ਨਾਉਣ ਲਈ ਲਾਸ਼ਾਂ ਨੂੰ ਉਨ੍ਹਾਂ ਦੇ ਜੱਦੀ ਦੇਸ਼ਾਂ ਵਿੱਚ ਲਿਜਾਣਾ ਚਾਹੀਦਾ ਹੈ। ਜਪਾਨ ਵਿੱਚ ਹੁਣ ਲਗਭਗ 200,000 ਮੁਸਲਿਮ ਆਬਾਦੀ ਹੈ, ਅਤੇ ਜਾਪਾਨੀ ਸ਼ਹਿਰਾਂ ਵਿੱਚ ਜ਼ਮੀਨ ਦੀ ਭਾਰੀ ਘਾਟ ਹੈ, ਜਿਸ ਕਾਰਨ ਜਾਪਾਨ ਲਈ ਵੱਡੇ ਕਬਰਸਤਾਨ ਬਣਾਉਣਾ ਮੁਸ਼ਕਲ ਹੋ ਗਿਆ ਹੈ। ਇਸ ਤੋਂ ਇਲਾਵਾ, ਜਾਪਾਨ ਬੁੱਧ ਧਰਮ ਅਤੇ ਸ਼ਿੰਟੋ ਧਰਮ ਤੋਂ ਬਹੁਤ ਪ੍ਰਭਾਵਿਤ ਹੈ। ਜਾਪਾਨ ਵਿੱਚ 99% ਤੋਂ ਵੱਧ ਅੰਤਿਮ ਸੰਸਕਾਰ ਸਸਕਾਰ ਦੁਆਰਾ ਕੀਤੇ ਜਾਂਦੇ ਹਨ। ਇਸ ਲਈ, ਜਾਪਾਨ ਮੁਸਲਿਮ ਰਸਮਾਂ ਬਾਰੇ ਬਹੁਤ ਸਪੱਸ਼ਟ ਹੈ। ਇਹ ਫੈਸਲਾ ਪ੍ਰਵਾਸੀ ਮੁਸਲਿਮ ਭਾਈਚਾਰੇ ਅਤੇ ਜਾਪਾਨੀ ਨਾਗਰਿਕਤਾ ਪ੍ਰਾਪਤ ਕਰਨ ਵਾਲਿਆਂ ਲਈ ਇੱਕ ਮਹੱਤਵਪੂਰਨ ਚੁਣੌਤੀ ਪੇਸ਼ ਕਰਦਾ ਹੈ। ਇਸਲਾਮ ਵਿੱਚ ਦਫ਼ਨਾਉਣਾ ਮੁੱਖ ਰਸਮ ਹੈ। ਨਤੀਜੇ ਵਜੋਂ, ਜਾਪਾਨੀ ਮੁਸਲਮਾਨਾਂ ਨੂੰ ਆਪਣੇ ਮ੍ਰਿਤਕ ਰਿਸ਼ਤੇਦਾਰਾਂ ਦੀਆਂ ਲਾਸ਼ਾਂ ਨੂੰ ਉਨ੍ਹਾਂ ਦੇ ਜੱਦੀ ਦੇਸ਼ਾਂ ਵਿੱਚ ਉਨ੍ਹਾਂ ਦੇ ਅੰਤਿਮ ਸੰਸਕਾਰ ਲਈ ਵਾਪਸ ਭੇਜਣ ਲਈ ਮਜਬੂਰ ਕੀਤਾ ਜਾ ਸਕਦਾ ਹੈ।


THE CARPLAZA
CAR ACCESSORIES

All Types Of Car Accessories & Installation Available

ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ



*Seat Covers *Matts
*Woofers & Ambient Lights
*Android Car Player Available



Especially For Uber & Lyft Camera

778-977-0032, 778-713-6949

#5-12357-82A Ave, Surrey, BC

THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC


TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

VELOCITY TRUCK CENTRES

# PREMIUM QUALITY COMMERCIAL VEHICLES

ਨਵੇਂ ਅਤੇ ਪਹਿਲਾਂ ਤੋਂ ਮਾਲਕੀ ਵਾਲੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਅਧਿਕਾਰਤ ਡੀਲਰ ਦੇ ਰੂਪ ਵਿੱਚ
ਅਸੀਂ ਹਾਈਵੇਅ ਅਤੇ ਵੋਕੇਸ਼ਨਲ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ

INVENTORY

ਅੱਜ ਹੀ ਆਪਣੇ ਫਲੀਟ ਨੂੰ ਅਪਗ੍ਰੇਡ ਕਰੋ ਜਾਂ ਵਧਾਓ
velocitytruckcentres.ca/inventory

ਨਵੇਂ ਅਤੇ ਪੁਰਾਣੇ ਟਰੱਕਾਂ, ਬੱਸਾਂ ਅਤੇ ਟ੍ਰੇਲਰਾਂ ਲਈ ਤੁਹਾਡੀ ਇੱਕ-ਸਟਾਪ ਮੰਜ਼ਿਲ
ਪ੍ਰਮੁੱਖ ਬ੍ਰਾਂਡਾਂ ਦੇ ਇੱਕ ਅਧਿਕਾਰਤ ਡੀਲਰ ਹੋਣ ਦੇ ਨਾਤੇ, ਅਸੀਂ ਹਾਈਵੇਅ ਅਤੇ ਕਿੱਤਾਮੁਖੀ ਐਪਲੀਕੇਸ਼ਨਾਂ ਦੋਵਾਂ ਲਈ ਹੱਲ ਪੇਸ਼ ਕਰਦੇ ਹਾਂ।




## ਪ੍ਰਮੁੱਖ ਬ੍ਰਾਂਡਾਂ ਦਾ ਮਾਣਮੱਤਾ ਡੀਲਰ

FREIGHTLINER | WESTERN STAR | AUTOCAR | Thomas | Freightliner Custom Chassis | RIZON
CROSS COUNTRY MANUFACTURING | DOEPKER TRAILERS | K-LINE | LODE KING | PEERLESS | TRAIL KING

crossroads
Equipment Lease & Finance

## ਆਸਾਨ ਫਾਇਨੈਂਸਿੰਗ

ਕ੍ਰਾਸਰੋਡ ਰਾਹੀਂ, ਅਸੀਂ ਇਹਨਾਂ ਲਈ ਲਚਕਦਾਰ, ਕਸਟਮ-ਅਨੁਕੂਲ ਵਿੱਤ ਅਤੇ ਲੀਜ਼ਿੰਗ ਹੱਲ ਪੇਸ਼ ਕਰਦੇ ਹਾਂ:
*ਨਵੇਂ ਜਾਂ ਵਰਤੇ ਗਏ ਉਪਕਰਣ
*ਕਨਸੋਲੀਡੇਸ਼ਨ ਲੋਨ
*ਕ੍ਰੈਡਿਟ ਲਾਈਨਾਂ
ਆਪਣੇ ਵਿਕਲਪਾਂ ਦੀ ਪੜਚੋਲ ਕਰਨ ਲਈ gisekham@crlease.ca 'ਤੇ ਗੁਰਪਾਲ ਸੀਖਮ ਨਾਲ ਸੰਪਰਕ ਕਰੋ ਜਾਂ crlease.ca 'ਤੇ ਜਾਓ।

672.727.9560 | 604.888.1424 | velocitytruckcentres.ca
18688 - 96th Ave, Surrey, BC, V4N 3P9, Canada

# Call:672-727-9560

ੴ

TRUTH IS THE HIGHEST OF ALL THINGS:
HIGHER STILL IS TRUTHFUL LIVING -GURU NANAK DEV JI

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ

12885-85Ave. Surrey, BC V3W 0K8 Canada






## ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ ਵਿਖੇ ਹੋ ਰਹੇ ਪ੍ਰੋਗਰਾਮਾਂ ਦਾ ਵੇਰਵਾ

### ਗੁਰੂਘਰ ਵਿਖੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿੱਚ

22 ਦਸੰਬਰ ਸੋਮਵਾਰ ਗੁਰਬਾਣੀ ਕੰਠ ਮੁਕਾਬਲੇ ਅਤੇ ਲੰਬੇ ਕੇਸਾਂ ਦੇ ਮੁਕਾਬਲੇ
25 ਦਸੰਬਰ ਵੀਰਵਾਰ ਦਸਤਾਰ ਤੇ ਦੁਮਾਲਾ ਮੁਕਾਬਲੇ ਗਰੈਂਡ ਤਾਜ ਬੈਂਕੁਇਟ ਹਾਲ ਵਿਖੇ ਹੋਣਗੇ। ਇਹਨਾਂ ਵਿੱਚ ਭਾਗ ਲੈਣ ਲਈ ਆਨਲਾਈਨ ਨਾਮ ਦਰਜ ਕਰਵਾਓ ਜੀ। ਵਾਲੰਟੀਅਰ ਸੇਵਾਦਾਰ 22 ਦਸੰਬਰ ਲਈ ਨਾਮ ਤੇ ਫੋਨ ਨੰਬਰ ਲਿਖਵਾ ਦਿਓ ਜੀ।

ਇਸ ਹਫ਼ਤੇ ਸ਼ਹੀਦੀ ਬਾਬਾ ਗੁਰਬਖਸ਼ ਸਿੰਘ ਜੀ ਅਤੇ ਜਨਮ ਦਿਨ ਭਾਈ ਵੀਰ ਸਿੰਘ ਜੀ ਮਨਾਏ ਜਾਣਗੇ।

*5 ਦਸੰਬਰ ਦਿਨ ਸ਼ੁੱਕਰਵਾਰ 3 ਪਰਿਵਾਰਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਰਖਵਾਏ ਜਾਣਗੇ:
(1)ਭਾਈ ਕਮਲ ਸਿੰਘ ਰਾਣ (2)ਭਾਈ ਕਮਲ ਸਿੰਘ ਰਾਏ (3)ਭਾਈ ਪਲਵਿੰਦਰ ਸਿੰਘ ਲਾਲੀ
*5 ਦਸੰਬਰ ਦਿਨ ਸ਼ੁੱਕਰਵਾਰ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰ ਸੇਵਾ ਭਾਈ ਚਰਨਜੀਤ ਸਿੰਘ ਜੀ ਪਰਿਵਾਰ ਵੱਲੋਂ
*6 ਦਸੰਬਰ ਦਿਨ ਸ਼ਨਿੱਚਰਵਾਰ 2 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਤੇ ਲੰਗਰਾਂ ਦੀ ਸੇਵਾ ਹੋਵੇਗੀ:
(1)ਭਾਈ ਕੁਲਵਿੰਦਰ ਸਿੰਘ (2)ਬੀਬੀ ਗੁਰਮੀਤ ਕੌਰ ਸੰਘੇੜਾ ਨਮਿਤ

ਸਾਧ ਸੰਗਤ ਜੀ ਪੰਜਾਬ ਵਿੱਚ ਹੜਾਂ ਦੀ ਮਾਰ ਕਾਰਣ ਫਸਲਾਂ ਤੇ ਮਾਲ ਡੰਗਰ ਪਾਣੀ ਵਿੱਚ ਵਹਿ ਗਏ, ਘਰ ਢਹਿ ਗਏ, ਲੋਕ ਬੇਘਰ ਹੋ ਗਏ। ਹੜਾਂ ਦੀ ਮਾਰ ਵਿੱਚ ਆਏ ਲੋਕਾਂ ਦੀ ਸਹਾਇਤਾ ਲਈ ਵੱਧ ਤੋਂ ਵੱਧ ਆਪਣੀ ਕਿਰਤ ਵਿਚੋਂ ਮਾਇਆ ਰਾਹੀਂ ਸਹਿਯੋਗ ਪਾਓ।

**ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਗੁਰੂ ਦਰਬਾਰ ਵਿਚ ਹਾਜਰੀ ਭਰ ਕੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਜੀਵਨ ਸਫਲਾ ਕਰੋ ਜੀ**


**ਗੁਰਦੁਆਰਾ ਸਾਹਿਬ ਵਿਖੇ ਕੋਈ ਵੀ ਸੇਵਾ ਲੈਣ ਅਤੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ 604-594-2574 ਤੇ ਸੰਪਰਕ ਕਰੋ ਜੀ**


www.deltondentures.com
DELTON DENTURE CLINIC LTD.
Denturists Are Denture Specialist
ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ
"We accept CANADIAN DENTAL CARE PLAN for Dentures"
Complete Dentures
Immediate Dentures
Partial Dentures
Dentures Over Implants
Same Day Relines
Repairs, Soft Linings
Sport Guards
ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ
WE ARE DENTURISTS
CONSUMER CHOICE AWARD 2018 VANCOUVER
Business Category Denturist
ਅਸੀਂ ਜੁਬਾੜੇ ਬਣਾਉਂਦੇ ਹਾਂ
Get a Beautiful Smile
Chris Kozakiewicz
BSc., R.D.
Mon-Fri: 9am-5pm, Saturdays By Appointment
Scott 72 Shopping Centre
#209- 7313-120th St., Delta ( Above London Drugs & Staples )
604.590.1111


• ਇੰਸ਼ੋਰੈਂਸ ਦੀਆਂ ਸਾਰੀਆਂ ਵੱਡੀਆਂ ਪਲੈਨਾਂ ਲੈਂਦੇ ਹਾਂ • ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ
• ਸ਼ਾਮ ਅਤੇ ਵੀਕਐਂਡ ਦੀਆਂ ਅਪਾਇੰਟਮੈਂਟਾਂ ਉਪਲਬੱਧ ਹਨ • ਸਕਾਟ ਰੋਡ ਗੁਰਦਵਾਰਾ ਦੇ ਨੇੜੇ, ਸਤਨਾਮ ਪਲਾਜ਼ਾ ਵਿੱਚ
ਪਿਛਲੇ 10 ਸਾਲਾਂ ਤੋਂ ਉੱਪਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਹਾਂ
For your family.. healthy beautiful smiles!
ਸੇਵਾਵਾਂ :
• ਜਾੜ ਭਰਨੀ
• ਦੰਦ ਕੱਢਣੇ
• ਕਰਾਊਨ ਤੇ ਬ੍ਰਿਜ
• ਡਿਜੀਟਲ ਐਕਸਰੇ
• ਵਾਈਟ ਫਿਲਿੰਗਸ
• ਦੰਦਾਂ ਦੀ ਸਫਾਈ ਅਤੇ ਚੈੱਕਅੱਪ
SERVICES:
• Extractions
• White Fillings
• Root Canals
• Crown & Bridge
• Digital X-Rays
• Teeth Cleaning & Checkup
• All Major Insurance Plans Accepted
• Punjabi, Hindi, Urdu Spoken
• New Patients Welcome
Evening & Weekend Appointment Available
Practising For Over 10 Years
ਇਮਰਜੈਂਸੀ ਅਪਾਇੰਟਮੈਂਟਾਂ ਉਪਲਬੱਧ ਹਨ
EVERSHINE DENTISTRY
EVERSHINE
FAMILY DENTISTRY
ਤੁਹਾਡੇ ਪਰਿਵਾਰ ਲਈ...ਤੰਦਰੁਸਤ ਤੇ ਸੁੰਦਰ ਮੁਸਕਾਨ
604.593.6515
#111 - 7130 120th Street, Surrey, BC
Near Guru Nanak Sikh Gurdwara
Ground Floor of Satnam Plaza
(FREE AMPLE PARKING)
Dr. Anjanpal Kaur Bhalla
www.evershinedental.ca
ਡਾ. ਅੰਜਨਪਾਲ ਕੌਰ ਭੱਲਾ


Discover the Real Punjabi Tadka
Chawlas² SINCE 1960
The Famous Taste of Punjab
Veg & Non Veg
NOW OPEN
IN SURREY
ਲੁਧਿਆਣਾ ਦਾ ਮਸ਼ਹੂਰ
Chawla's Chicken
ਹੁਣ ਤੁਹਾਡੇ ਸ਼ਹਿਰ ਸਰੀ ਵਿਚ
Ph:778-637-0006
#107-8363 -128St, Surrey
Hours:Wednesday to Monday 10AM to 12 AM Closed:Tuesday

# ਗੁਰਦਵਾਰਾ ਨਾਨਕ ਨਿਵਾਸ




8600 - NO. 5 RD., RICHMOND, B.C. • TEL: (604)274-7479, FAX: (604) 274-0046

## ਆਉਣ ਵਾਲੇ ਪ੍ਰੋਗਰਾਮ

5 ਦਸੰਬਰ ਦਿਨ ਸ਼ੁੱਕਰਵਾਰ ਸਵੇਰੇ 10:30 ਵਜੇ ਚੰਦ ਪਰਿਵਾਰ ਵੱਲੋ ਪ੍ਰੇਮਿਲਾ ਚੰਦ ਨਮਿਤ ਰੱਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਅੰਤਿਮ ਅਰਦਾਸ ਹੋਵੇਗੀ।

7 ਦਸੰਬਰ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ, ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵੇਗੀ।

14 ਦਸੰਬਰ ਦਿਨ ਐਤਵਾਰ ਸਵੇਰੇ 10:30 ਵਜੇ ਹਫ਼ਤਾਵਾਰੀ ਕੀਰਤਨ ਦੀਵਾਨ ਤੇ ਕਥਾ ਵਿਚਾਰ ਸਮਾਗਮ ਹੋਣਗੇ ,ਉਪਰੰਤ ਲੰਗਰਾਂ ਦੀ ਸੇਵਾ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵੇਗੀ।

14 ਦਸੰਬਰ ਦਿਨ ਐਤਵਾਰ ਸ਼ਾਮ 5:30 ਵਜੇ ਮੱਘਰ ਦੇ ਮਹੀਨੇ ਦੀ ਸੰਗਰਾਂਦ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆਂ ਸ਼ਾਮ ਦੇ ਦੀਵਾਨ ਵਿੱਚ ਗੁਰਬਾਣੀ ਕੀਰਤਨ,ਕਥਾ ਵਿਚਾਰਾਂ ਤੇ ਲੰਗਰਾਂ ਦੀ ਸੇਵਾ ਸਮੂਹ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹੋਵੇਗੀ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਹਰ ਐਤਵਾਰ ਸਵੇਰੇ 10.30 ਵਜੇ ਤੋਂ 12 ਵਜੇ ਤੱਕ ਹਫ਼ਤਾਵਾਰੀ ਕੀਰਤਨ, ਕਥਾ ਸਮਾਗਮ ਹੁੰਦੇ ਹਨ, ਸੰਗਤ ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਹਫ਼ਤਾਵਾਰੀ ਸਮਾਗਮ ਵਿੱਚ ਆ ਕੇ ਆਪਣੇ ਜੀਵਨ ਨੂੰ ਸਫਲ ਕਰੋ। ਜੇ ਕਿਸੇ ਪਰਿਵਾਰ ਨੇ ਹਫ਼ਤਾਵਾਰੀ ਦੀਵਾਨ ਵਿੱਚ ਗੁਰਬਾਣੀ ਕੀਰਤਨ ਤੇ ਲੰਗਰਾਂ ਦੀ ਸੇਵਾ ਲੈਣੀ ਹੋਵੇ ਉਹ ਪਰਿਵਾਰ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ।

ਜਰੂਰੀ ਸੂਚਨਾ: ਪੰਜਾਬੀ ਸਕੂਲ ਵਿਚ 7 ਸਤੰਬਰ ਦਿਨ ਐਤਵਾਰ ਤੋਂ ਪੰਜਾਬੀ ਕਲਾਸਾਂ ਸ਼ੁਰੂ ਹੋ ਗਈਆਂ ਹਨ, ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖਲ ਕਰਵਾਉ ਤਾਂ ਜੋ ਬੱਚੇ ਪੰਜਾਬੀ ਬੋਲ,ਪੜ੍ਹ, ਲਿਖ ਸਕਣ। ਵਧੇਰੇ ਜਾਣਕਾਰੀ ਲਈ ਸਕੱਤਰ ਸ. ਬਲਵੰਤ ਸਿੰਘ ਸੰਘੇੜਾ ਨਾਲ 604-836-8976 ਤੇ ਸੰਪਰਕ ਕਰੋ।

**ਹਰ ਮੰਗਲਵਾਰ ਸਵੇਰੇ 10 ਵਜੇ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਅਤੇ ਲੰਗਰਾਂ ਦੀ ਸੇਵਾ ਸਮੂਹ ਸੁਖਮਨੀ ਸਾਹਿਬ ਵਾਲੀਆਂ ਬੀਬੀਆਂ ਵੱਲੋਂ ਹੁੰਦੀ ਹੈ**

### ਰੋਜ਼ਾਨਾ ਪ੍ਰੋਗਰਾਮ:

ਸਵੇਰੇ 5:00 ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ, ਸਵੇਰੇ 6:00 ਤੋਂ 6:45 ਨਿਤਨੇਮ, ਸਵੇਰੇ 7:00 ਤੋਂ 7:30 ਕੀਰਤਨ ਦੀਵਾਨ, ਸਵੇਰੇ 7:30 ਤੋਂ 7:45 ਕਥਾ, ਸਵੇਰੇ 7:45 ਤੋਂ 8:00 ਅਰਦਾਸ ਸਮਾਪਤੀ

### ਸ਼ਾਮ ਦੇ ਦੀਵਾਨ:

ਰਹਿਰਾਸ ਸਾਹਿਬ ਸ਼ਾਮ 6 ਤੋਂ 6:20 ਵਜੇ ਤੱਕ ਕੀਰਤਨ/ਅਰਦਾਸ/ਹੁਕਮਨਾਮਾ 6.20 ਤੋਂ 6.45 ਵਜੇ ਤੱਕ ਸੁਖਆਸਣ ਰਾਤ 8:00 ਵਜੇ

| ਪ੍ਰਧਾਨ | ਖਜ਼ਾਨਚੀ | ਸਕੱਤਰ | ਸਹਾਇਕ ਸਕੱਤਰ |
|---|---|---|---|
| ਮੋਹਨ ਸਿੰਘ ਸੰਧੂ | ਕਮਲਜੀਤ ਸਿੰਘ ਦੁਸਾਂਝ | ਬਲਵੰਤ ਸਿੰਘ ਸੰਘੇੜਾ | ਕੰਵਰਜੀਤ ਸਿੰਘ ਸਹੋਤਾ |

**ਗੁਰਦੁਆਰਾ ਸਾਹਿਬ ਦਾ ਫੋਨ:604-274-7479**

Email:iccc8600@gmail.com

# ਭਾਰਤ ਦਾ ਗੁਆਂਢੀ ਮੁਲਕਾਂ ਨਾਲ ਪੇਚਾ

ਅਰੁਣਾਚਲ ਚੀਨ ਦਾ ਹਿੱਸਾ ਹੈ! ਅਰੁਣਾਚਲ ਵਾਲੇ ਚੀਨ ਤੋਂ ਪਾਸਪੋਰਟ ਬਣਾਉਣ!ਇਹ ਕਹਿਣਾ ਚੀਨ ਦਾ! ਗੱਲ ਇਸ ਤਰ੍ਹਾਂ ਹੋਈ ਕਿ ਅਰੁਣਾਚਲ ਦੀ ਰਹਿਣ ਵਾਲੀ ਪ੍ਰੇਮਾ ਵੰਨਗਜੋਮ ਥੋਕਡੋਕ ਯੂ ਕੇ ਤੋਂ ਇੰਡੀਆ ਆ ਰਹੀ ਸੀ! ਇੰਡੀਆ ਦਾ ਪਾਸਪੋਰਟ ਸੀ ਇੰਨ੍ਹਾਂ ਕੋਲ!

ਇੰਨ੍ਹਾਂ ਦੀ ਫਲਾਈਟ ਸ਼ੰਘਾਈ ਚਾਇਨਾ ਤੋਂ ਹੋ ਕੇ ਇੰਡੀਆ ਆ ਰਹੀ ਸੀ! ਜਦੋਂ ਇਹ ਸ਼ੰਘਾਈ ਏਅਰਪੋਰਟ ਤੇ ਉੱਤਰਦੇ ਆ! ਉੱਥੋਂ ਦੇ ਕਰਮਚਾਰੀ ਇੰਨ੍ਹਾਂ ਨੂੰ ਰੋਕ ਲੈਂਦੇ ਆ! ਇੰਨ੍ਹਾਂ ਦੀ ਸਿਰਫ਼ ਦੋ ਘੰਟੇ ਦੀ ਸਟੇਅ ਸੀ ਪਰ ਇੰਨ੍ਹਾਂ ਨੂੰ 18 ਘੰਟੇ ਰੋਕ ਕੇ ਰੱਖਦੇ ਆ!

ਕਿਉਂਕਿ ਇੰਨ੍ਹਾਂ ਦੇ ਪਾਸਪੋਰਟ ਤੇ ਜਨਮ, ਜਗ੍ਹਾ ਅਰੁਣਾਚਲ ਪ੍ਰਦੇਸ਼ ਦੀ ਲਿਖੀ ਹੋਈ ਸੀ !ਇਹਨਾਂ ਪੁੱਛਿਆ ਕਿ ਕਿਉਂ ਰੋਕਿਆ ਹੋਇਆ!ਉਹ ਕਹਿੰਦੇ ਇਮੀਗ੍ਰੇਸ਼ਨ ਵਾਲੇ ਕਿ ਇਹ ਤੇ ਸਾਡਾ ਹੀ ਹਿੱਸਾ ਹੈ!ਤੁਸੀਂ ਇਹ ਪਾਸਪੋਰਟ ਬਣਾ ਹੀ ਨਹੀਂ ਸਕਦੇ ਅਰੁਣਾਚਲ ਪ੍ਰਦੇਸ਼ ਲਿਖ ਕੇ !ਇਹ ਸਾਡਾ ਹਿੱਸਾ ਹੈ! ਤੁਸੀਂ ਚਾਇਨਾ ਵਿੱਚੋਂ ਪਾਸਪੋਰਟ ਬਣਾਉ !ਮੈਡਮ ਕਹਿੰਦੀ ਕਿ ਮੈਂ ਸਾਰੇ ਦੇਸ਼ ਘੁੰਮ ਆਈ ਆ !ਕੋਈ ਮਸਲਾ ਖੜ੍ਹਾ ਨਹੀਂ ਹੋਇਆ !ਚੱਲੋ ਬਾਅਦ ਵਿੱਚ ਇੰਡੀਆ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਮਸਲਾ ਹੱਲ ਹੋ ਗਿਆ ਤੇ ਬੀਬੀ ਨੂੰ ਇੰਡੀਆ ਤੋਰ ਦਿੱਤਾ!

ਇਹ ਕੋਈ ਪਹਿਲੀ ਗੱਲ ਨਹੀਂ ਜਦੋਂ ਇਸ ਤਰ੍ਹਾਂ ਹੋਇਆ! ਪਹਿਲਾਂ ਵੀ ਅਰੁਣਾਚਲ ਦੇ ਖਿਡਾਰੀਆਂ ਨੂੰ ਚਾਇਨਾ ਵਾਲੇ ਕਹਿੰਦੇ ਤੁਹਾਨੂੰ ਵੀਜ਼ਾ ਲੈਣ ਦੀ ਲੋੜ ਹੀ ਕੋਈ ਨਹੀਂ! ਤੁਸੀਂ ਸਾਡਾ ਹੀ ਹਿੱਸਾ ਹੋ !ਦੱਸ ਦੇਈਏ ਕਿ ਅਰੁਣਾਚਲ ਵਾਲਿਆਂ ਨੂੰ ਚਾਇਨਾ ਵਾਲੇ ਵੀਜ਼ਾ ਨਹੀਂ ਦਿੰਦੇ !ਇੱਕ ਸਟੈਂਪ ਲਾਉਂਦੇ ਆ ਕਾਗਜ਼ ਤੇ ਜਿਸਨੂੰ ਇੰਡੀਆ ਵੈਲਿਡ ਨਹੀਂ ਮੰਨਦਾ !ਬਾਕੀ ਸਾਰੇ ਇੰਡੀਆ ਦੇ ਲੋਕਾਂ ਨੂੰ ਚਾਇਨਾ ਵੀਜ਼ਾ ਦਿੰਦਾ ਹੈ!

ਇਹ ਮਾਮਲਾ ਉਦੋਂ ਹੋਰ ਭੱਖ ਗਿਆ ਜਦੋਂ ਚਾਇਨਾ ਦੀ ਵਿਦੇਸ਼ ਮੰਤਰੀ ਕਹਿੰਦੀ ਕਿ ਅਰੁਣਾਚਲ ਪ੍ਰਦੇਸ਼ ਨਾਂ ਦਾ ਕੋਈ ਪ੍ਰਾਂਤ ਨਹੀਂ ਹੈ !ਉਸ ਨੇ ਨਵਾਂ ਹੀ ਨਾਮ ਦੇ ਦਿੱਤਾ ਜੰਗਨਾਨ !

ਕਹਿੰਦੇ ਇਹ ਜੰਗਨਾਨ ਨਾਂ ਦਾ ਸਟੇਟ ਚਾਇਨਾ ਦਾ ਹੈ! ਇਸ ਉੱਤੇ ਇੰਡੀਆ ਦਾ ਬਿਆਨ ਆਉਂਦਾ ਕਿ ਅਰੁਣਾਚਲ ਪ੍ਰਦੇਸ਼ ਸਾਡਾ ਹੀ ਹਿੱਸਾ ਹੈ ਚਾਇਨਾ ਵਾਲੇ ਜੋ ਮਰਜ਼ੀ ਕਹੀ ਜਾਣ !ਇਹ ਵਿਵਾਦ ਦੁਨੀਆਂ ਦੀਆਂ ਸੁਰਖੀਆਂ ਵਿੱਚ ਆ ਗਿਆ ਕਿ ਚਾਇਨਾ ਕਿਉਂ ਕਹਿ ਰਿਹਾ ਕਿ ਸਾਡਾ ਹਿੱਸਾ ਹੈ !ਉੱਧਰ ਨੇਪਾਲ ਨੇ ਵੀ ਇੰਡੀਆ ਦੇ ਕਈ ਖੇਤਰਾਂ ਨੂੰ ਆਪਣਾ ਹਿੱਸਾ ਮੰਨ ਲਿਆ ਹੈ;ਇਹ ਵੀ ਵਿਵਾਦ ਪੈਦਾ ਹੋ ਗਿਆ!

ਆਉ ਸਮਝਦੇ ਹਾਂ ਕਿ ਨੇਪਾਲ, ਚਾਇਨਾ ਦਾ ਵਿਵਾਦ ਕੀ ਹੈ ਤੇ ਤਿੱਬਤ ਤੇ ਸਿੱਖ ਰਾਜ ਵਿੱਚ ਕਿਸ ਤਰ੍ਹਾਂ ਆ ਜਾਂਦੇ ਆ! ਇੰਡੀਆ ਤੇ ਚਾਇਨਾ ਦਾ ਇਹ ਵਿਵਾਦ 3488 ਕਿਲੋਮੀਟਰ ਦਾ ਬਾਰਡਰ ਏਰੀਆ ਹੈ!


ਇਹ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ! 1.ਵੈਸਟਨ ਸੈਕਟਰ 1570 ਕਿਲੋਮੀਟਰ ਜਿਸ ਵਿੱਚ ਸਰਹੱਦਾਂ ਐਕਸਾਈਚਨ ਵੱਲ ਦੀਆਂ ਆਉਂਦੀਆਂ!2. ਸੈਂਟਰਲ ਸੈਕਟਰ 545 ਕਿਲੋਮੀਟਰ ਜਿਸ ਵਿੱਚ ਹਿਮਾਚਲ ਤੇ ਉਤਰਾਖੰਡ ਲੱਗਦੇ ਨੇ !3.ਈਸਟਨ ਸੈਕਟਰ 1325 ਕਿਲੋਮੀਟਰ ਜਿਸ ਵਿੱਚ ਭੂਟਾਨ,ਸਿੱਕਮ ਤੇ ਅਰੁਣਾਚਲ ਪ੍ਰਦੇਸ਼ ਆਉਂਦੇ ਨੇ! ਪਰ ਵਿਵਾਦ ਅਰੁਣਾਚਲ ਦੇ 800 ਕਿਲੋਮੀਟਰ ਬਾਰਡਰ ਤੇ ਹੈ!

ਅਰੁਣਾਚਲ ਪ੍ਰਦੇਸ਼ ਦੀ ਬਾਰਡਰ ਲਾਈਨ ਨੂੰ ਮੈੱਕਮੋਹਨ ਲਾਇਨ ਵੀ ਕਹਿੰਦੇ ਨੇ !ਮੈੱਕ ਮੋਹਨ ਇੱਕ ਬ੍ਰਿਟਿਸ਼ ਸੀ ਜਿਸ ਨੇ ਇਹ ਸਮਝੌਤਾ 1914 ਵਿੱਚ ਸ਼ਿਮਲਾ ਸੰਮੇਲਨ ਵਿੱਚ ਕਰਾਇਆ ਸੀ !ਪਰ ਚਾਇਨਾ ਕਹਿੰਦਾ ਸਾਡਾ ਹਿੱਸਾ ਹੈ!

ਇਸ ਪਿੱਛੇ ਸਿੱਖ ਰਾਜ ਦੀ ਹਿਸਟਰੀ ਹੈ! ਜਦੋਂ ਸਿੱਖ ਰਾਜ ਤੇ ਗੋਰੇ ਕਬਜ਼ਾ ਕਰ ਲੈਂਦੇ ਨੇ !ਤਿੱਬਤ ਦਾ ਕੁੱਝ ਹਿੱਸਾ ਵੀ ਸਿੱਖ ਰਾਜ ਵਿੱਚ ਸ਼ਾਮਲ ਸੀ! ਕਿਉਂਕਿ ਉਸ ਵੇਲੇ ਦੇ ਜਰਨੈਲ ਜ਼ੋਰਾਵਰ ਸਿੰਘ ਨੇ ਤਿੱਬਤ ਦੇ ਕੁੱਝ ਹਿੱਸੇ ਤੇ ਕਬਜ਼ਾ ਕੀਤਾ ਸੀ! ਉਸ ਵੇਲੇ ਤਿੱਬਤ ਦੀਆਂ ਸੈਨਾਵਾਂ ਤੇ ਕਿੰਗ ਡਨੈਸਟੀ ਜਿਸ ਦੀਆਂ ਫੌਜਾਂ ਨੇ ਤਿੱਬਤ ਦੇ ਜ਼ਿਆਦਾਤਰ ਹਿੱਸੇ ਤੇ ਰਾਜ ਕੀਤਾ !ਦੋਵਾਂ ਨੇ ਜ਼ੋਰਾਵਰ ਸਿੰਘ ਦਾ ਮੁਕਾਬਲਾ ਕੀਤਾ ਸੀ !

ਜ਼ੋਰਾਵਰ ਸਿੰਘ ਬਹੁਤ ਬਹਾਦਰੀ ਨਾਲ ਲੜਿਆ ਥੋੜੀ ਸੈਨਾ ਦੇ ਬਾਵਜੂਦ !ਪਰ ਉੱਥੇ ਉਹ ਸ਼ਹੀਦ ਹੋ ਜਾਂਦਾ ਕਿਉਂਕਿ ਉੱਥੋਂ ਦਾ ਪੌਣ ਪਾਣੀ ਮਾਫ਼ਕ ਨਹੀਂ ਸੀ ਪੰਜਾਬ ਦੀਆਂ ਸੈਨਾਵਾਂ ਦੇ! ਠੰਢ ਬਹੁਤ ਹੀ! ਕਹਿੰਦੇ ਜ਼ੋਰਾਵਰ ਸਿੰਘ ਦਾ ਤਿੱਬਤ ਦੇ ਮੱਠ ਲਾਸਾ ਤੇ ਹੱਥ ਧਰਿਆ ਗਿਆ ਸੀ !ਉਸ ਨੂੰ ਸ਼ੇਰ ਦਾ ਨਾਮ ਦਿੱਤਾ ਗਿਆ ਕਿ ਇੱਕ ਇਸ ਤਰ੍ਹਾਂ ਦਾ ਬੰਦਾ ਸੀ ਜਿਹੜਾ ਇਕੱਲਾ ਵੀਹ- ਵੀਹ ਬੰਦਿਆਂ ਨੂੰ ਮਾਰੀ ਜਾ ਰਿਹਾ ਸੀ !ਜ਼ੋਰਾਵਰ ਸਿੰਘ ਦੇ ਕਈ ਸਮਾਰਕ ਬਣੇ ਹੋਏ ਨੇ ਜੰਮੂ ਕਸ਼ਮੀਰ ਵਿੱਚ ਵੀ ਤੇ ਤਿੱਬਤ ਵਿੱਚ ਵੀ!

1842 ਵਿੱਚ ਚਾਇਨਾ ਦੇ ਕਿੰਗ ਡਨੈਸਟੀ ਤੇ ਸਿੱਖ ਰਾਜ ਦੀ ਲੜਾਈ ਤੋਂ ਬਾਅਦ ਤਿੱਬਤ ਦਾ ਕੁੱਝ ਹਿੱਸਾ ਸਿੱਖ ਰਾਜ ਵਿੱਚ ਸ਼ਾਮਲ ਕਰ ਲਿਆ ਗਿਆ ਸੀ ਬਕਾਇਦਾ ਸੰਧੀ ਕਰਕੇ !ਪਰ ਗਦਾਰੀ ਦੀ ਵਜ੍ਹਾ ਕਰਕੇ ਜਦੋਂ ਸਿੱਖ ਰਾਜ ਅੰਗਰੇਜ਼ਾਂ ਅਧੀਨ ਹੋ ਗਿਆ !ਫਿਰ ਇੰਨਾਂ ਨੇ ਸਕੀਮ ਲਾਈ ਕਿ ਇਹ ਸਿੱਖ ਰਾਜ ਦਾ ਬਾਰਡਰ ਤਿੱਬਤ,ਚੀਨ ਤੇ ਇੰਡੀਆ ਵਿੱਚ ਵੰਡ ਲੈਂਦੇ ਆ !ਉਦੋਂ ਜਿਹੜਾ ਬੰਦਾ ਵੰਡਣ ਆਇਆ ਸੀ ਉਸਦਾ ਨਾਮ ਸੀ ਮੈੱਕ ਮੋਹਨ! ਤਾਂ ਹੀ ਈਸਟਨ ਸੈਕਟਰ ਵਾਲੀ ਲਾਈਨ ਨੂੰ ਮੈੱਕ ਮੋਹਨ ਕਿਹਾ ਜਾਂਦਾ ਹੈ !ਇਸ ਸ਼ਿਮਲਾ ਸੰਮੇਲਨ ਵਿੱਚ ਤਿੱਬਤ, ਇੰਡੀਆ ਨੇ ਸਾਇਨ ਕਰ ਦਿੱਤੇ ਸੀ !ਪਰ ਚਾਇਨਾ ਨੇ ਸਾਇਨ ਨਹੀਂ ਕੀਤੇ ਸੀ ਇਸੇ ਕਰਕੇ ਉਹ ਤਿੱਬਤ ਨੂੰ ਪਹਿਲਾਂ ਤੋਂ ਹੀ ਆਪਣਾ ਹਿੱਸਾ ਮੰਨਦਾ ਹੈ!






ਚਾਇਨਾ ਕਹਿੰਦਾ ਕਿ ਜਦੋਂ ਸਿੱਖਾਂ ਨੇ ਹਮਲਾ ਕੀਤਾ ਸੀ ਤਿੱਬਤ ਤੇ ਉਦੋਂ ਵੀ ਸਾਡੇ ਕਿੰਗ ਡਨੈਸਟੀ ਨੇ ਤਿੱਬਤ ਨੂੰ ਬਚਾਉਣ ਲਈ ਆਪਣੀਆਂ ਫੌਜਾਂ ਭੇਜੀਆਂ ਸਨ !ਇਸ ਕਰਕੇ ਇਹ ਤਿੱਬਤ ਸ਼ੁਰੂ ਤੋਂ ਹੀ ਚਾਇਨਾ ਦਾ ਹਿੱਸਾ ਰਿਹਾ ਹੈ! ਭਾਵੇਂ ਇਹ ਖ਼ੁਦਮੁਖ਼ਤਿਆਰ ਸੀ ਪਰ ਇਸ ਦੀ ਰੱਖਿਆ ਹਮੇਸ਼ਾ ਚਾਇਨਾ ਨੇ ਹੀ ਕੀਤੀ ਹੈ! ਇਸੇ ਹਿਸਟਰੀ ਦੇ ਕਾਰਨ ਚਾਇਨਾ ਨੇ 1950 ਵਿੱਚ ਤਿੱਬਤ ਤੇ ਆਪਣਾ ਅਧਿਕਾਰ ਕਰ ਲਿਆ ਸੀ !ਤਾਈਵਾਨ ਤੇ ਵੀ ਇਸੇ ਕਰਕੇ ਅਧਿਕਾਰ ਜਮਾਉਂਦਾ ਚਾਇਨਾ ਕਿ ਉਸ ਉੱਤੇ ਵੀ ਸਾਡੇ ਕਿੰਗ ਦਾ ਰਾਜ ਰਿਹਾ ਹੈ!

ਦਲਾਈਲਾਮਾ ਪ੍ਰਥਾ ਲਾਸਾ ਮੱਠ ਤੋਂ ਹੀ ਚਲੀ ਆਉਂਦੀ ਹੈ !ਥੋੜ੍ਹੀ ਬਹੁਤ ਰੱਖਿਆ ਇਹ ਆਪ ਕਰਦੇ ਸੀ ਪਰ ਜ਼ਿਆਦਾ ਚਾਇਨਾ ਤੇ ਨਿਰਭਰ ਸਨ! ਇਸੇ ਕਰਕੇ 1841-1842 ਦੋ ਲੜਾਈਆਂ ਸਿੱਖ ਵਾਰ ਵਿੱਚ ਤਿੱਬਤ ਤੇ ਚਾਇਨਾ ਦਾ ਕਿੰਗ ਮਿਲ ਕੇ ਲੜ੍ਹੇ ਸੀ !ਇਸੇ ਕਰਕੇ ਚਾਇਨਾ ਕਹਿੰਦਾ ਕਿ ਤਿੱਬਤ ਸਾਡਾ ਹਿੱਸਾ ਹੈ! ਜਿਹੜੇ ਸਾਇਨ ਕੀਤੇ ਅਸੀਂ ਨਹੀਂ ਮੰਨਦੇ !ਲਾਸਾ ਮੱਠ ਦਾ ਤਵਾਂਗ ਏਰੀਆ ਅਰੁਣਾਚਲ ਵਿੱਚ ਉੱਥੇ ਵੀ ਤਵਾਂਗ ਮੱਠ ਹੈ ਤਿੱਬਤੀਆਂ ਦਾ !ਇਸੇ ਕਰਕੇ ਚਾਇਨਾ ਦਾ ਮੰਨਣਾ ਕਿ ਤਿੱਬਤ ਦਾ ਹੀ ਹਿੱਸਾ ਹੈ ਅਰੁਣਾਚਲ ਦਾ ਬਹੁਤ ਸਾਰਾ ਏਰੀਆ!

ਹੁਣ ਤਾਂ ਇਹ ਪੂਰੇ ਅਰੁਣਾਚਲ ਨੂੰ ਹੀ ਜੰਗਨਾਨ ਕਹਿਣ ਲੱਗ ਪਏ ਨੇ !1325 ਕਿਲੋਮੀਟਰ ਏਰੀਆ ਜ਼ਿਆਦਾਤਰ ਬਰਫੀਲੇ ਪਹਾੜ ਨੇ !ਪਰ ਹੁਣ ਕਈ ਏਰੀਏ ਡਿਵੈਲਪ ਹੋ ਗਏ ਨੇ ਅਰੁਣਾਚਲ ਪ੍ਰਦੇਸ਼ ਦੇ !ਇਸ ਕਰਕੇ ਹੁਣ ਜ਼ਿਆਦਾ ਹੀ ਆਪਣਾ ਮੰਨਣ ਲੱਗ ਪਏ ਨੇ! ਹਿਮਾਚਲ ਦੇ ਮਕਲੋਡ ਗੰਜ ਵਿੱਚ ਰਹਿ ਰਹੇ ਦਲਾਈਲਾਮਾ 1959 ਵਿੱਚ ਹੀ ਲਾਸ਼ਾ ਮੱਠ ਤੋਂ ਉੱਥੋਂ ਨਿਕਲ ਕੇ ਜਾਨ ਬਚਾ ਕੇ ਆਏ ਸੀ !ਇਹ ਸੋਚਦੇ ਸੀ ਕਿ ਅਸੀਂ ਚਾਇਨਾ ਦੇ ਅੰਡਰ ਨਹੀਂ ਜਾਣਾ ਪਰ ਚਾਇਨਾ ਵਾਲਿਆਂ ਆਪਣਾ ਪੂਰਾ ਕਬਜ਼ਾ ਕਰ ਲਿਆ ਤਿੱਬਤ ਤੇ !

1962 ਦੀ ਇੰਡੀਆ ਚਾਇਨਾ ਲੜਾਈ ਦੇ ਕਾਰਨ ਵੀ ਇੰਡੀਆ ਨੇ ਦਲਾਈਲਾਮਾ ਨੂੰ ਸ਼ਰਨ ਦਿੱਤੀ !ਸੇ ਲੜਾਈ ਵਿੱਚ ਚਾਇਨਾ ਨੇ ਅਰੁਣਾਚਲ ਦਾ ਬਹੁਤ ਵੱਡਾ ਹਿੱਸਾ ਜਿੱਤ ਲਿਆ ਸੀ !ਐਕਸਾਈਚਨ ਤਾਂ ਜਿੱਤ ਕੇ ਕੋਲ ਰੱਖ ਲਿਆ! ਵਾਪਿਸ ਨਹੀਂ ਕੀਤਾ ਪਰ ਅਰੁਣਾਚਲ ਵਾਲਾ ਹਿੱਸਾ ਵਾਪਿਸ ਇੰਡੀਆ ਨੂੰ ਕਰ ਦਿੱਤਾ ਸੀ!

ਇੰਡੀਆ ਕਹਿੰਦਾ ਜੇ ਤੁਹਾਡਾ ਹਿੱਸਾ ਹੁੰਦਾ ਪੁਰਾਣਾ ਅਰੁਣਾਚਲ ਤੁਸੀਂ ਰੱਖ ਲੈਣਾ ਸੀ ਪਰ ਤੁਸੀਂ ਵਾਪਸ ਕਰ ਦਿੱਤਾ !ਇਸ ਕਰਕੇ ਇਹ ਸਾਡਾ ਹੈ! ਇੰਡੀਆ ਇਸ ਤਰ੍ਹਾਂ ਕਲੇਮ ਕਰਦਾ! ਇਹਨਾਂ ਹੀ ਹਿਸਟੋਰੀਅਲ ਕਾਰਨਾਂ ਕਰਕੇ ਚਾਇਨਾ ਅਰੁਣਾਚਲ ਨੂੰ ਆਪਣਾ ਹਿੱਸਾ ਮੰਨ ਰਿਹਾ !ਅਰੁਣਾਚਲ ਵਾਲੇ ਵੀ ਇੰਡੀਆ ਨਾਲ ਰਹਿ ਕੇ ਖੁਸ਼ ਨੇ !ਇਸੇ ਕਰਕੇ ਉਹਨਾਂ ਇੰਡੀਆ ਦੇ ਝੰਡੇ ਲੈ ਕੇ ਮਾਰਚ ਵੀ ਕੀਤੇ !ਚਾਇਨਾ ਵੱਲੋਂ ਜੰਗਨਾਨ ਰੱਖਣ ਤੇ ਇੰਡੀਆ ਨੇ ਵੀ ਤਕੜਾ ਵਿਰੋਧ ਕੀਤਾ! ਦੂਜਾ, ਨੇਪਾਲ ਵਾਲਿਆਂ ਵੀ ਨਵੇਂ ਥਾਪੇ ਆਪਣੇ ਨੋਟਾਂ ਤੇ ਇੰਡੀਆ ਦੇ ਕਈ ਹਿੱਸਿਆਂ ਨੂੰ ਆਪਣਾ ਦਰਸਾਇਆ ਹੈ! ਪਹਿਲਾਂ ਨੇਪਾਲ ਵਾਲੇ ਆਪਣੇ ਨੋਟ ਇੰਡੀਆ ਤੋਂ ਛਪਵਾਉਂਦੇ ਸੀ ਪਰ ਹੁਣ ਇਹ ਨੋਟ ਚਾਇਨਾ ਤੋਂ ਛਪਵਾ ਰਹੇ ਨੇ! ਤਿੱਬਤ ਪਹਿਲਾਂ ਲੈ ਗਏ, ਪਾਕਿਸਤਾਨ, ਨੇਪਾਲ, ਸ੍ਰੀ ਲੰਕਾ ਵਾਲੇ ਵੀ ਪੋਰਟ ਦੇਈਂ ਬੈਠੇ ਨੇ ਚਾਇਨਾ ਨੂੰ! ਨੇਪਾਲ ਨੇ ਆਪਣੇ ਨੋਟਾਂ ਤੇ ਤਿੰਨ ਏਰੀਏ ਕਲੇਮ ਕੀਤੇ ਨੇ!

1. ਲੰਪੀਆ ਧੁਰਾਪਾਸ 2.ਕਾਲਾ ਪਾਣੀ 3.ਲਿਪੂਲੇਕ ਪਾਸ

ਇਹਨਾਂ ਏਰੀਆ ਤੇ ਭਾਵੇਂ ਫੋਰਸਾਂ ਇੰਡੀਆ ਦੀਆਂ ਲੱਗੀਆਂ ਨੇ ਪਰ ਨੇਪਾਲ ਨੇ ਮੰਨਿਆ ਕਿ ਸਾਡਾ ਹਿੱਸਾ ਨੇ !ਇਹ ਵਿਵਾਦ ਵੀ ਬਹੁਤ ਜ਼ੋਰ ਫੜ ਰਿਹਾ ਹੈ! ਇੰਡੀਆ ਨੇ ਵੀ ਚੰਗਾ ਵਿਰੋਧ ਕੀਤਾ ਨੇਪਾਲ ਦਾ ਜੋ ਉਹਨੇ ਆਪਣੀ ਕਰੰਸੀ ਤੇ ਛਾਪਿਆ ਹੈ।

**– ਗਗਨਦੀਪ ਸਿੰਘ**


# ਲਰਨਿੰਗ ਲਾਇਸੈਂਸ

A TO Z DRIVING SCHOOL

**ਕਾਰ, ਟਰੱਕ/ ਮੋਟਰਸਾਈਕਲ ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ**

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ






**ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ**

**WE DO:**
*CITIZENSHIP CLASSES
*NATIONAL SAFETY CODE (NSC) CLASSES

**A to Z DRIVING SCHOOL**

**Lucky: 604-614-5365**

**Unit 15 - 8388 128 St., Surrey**




# ਪੀਹੜੀ ਹੇਠ ਸੋਟਾ



ਇੱਕ ਉਂਗਲ ਕਿਸੇ ਵੰਨੀ ਕੀਤਿਆਂ ਤਿੰਨ ਖੁਦ ਵੰਨੀ ਹੁੰਦੀਆਂ। ਪਰ ਜੇ ਹੁੰਦੀ ਹੋਵੇ ਕਰ ਹੀ ਕਰ ਲੈਣੀ ਚਾਹੀਦੀ ਪਰ ਜਲੰਧਰ ਵਾਲੇ ਕਾਂਡ ਨੂੰ ਲੈ ਕੇ ਉਂਗਲ ਨਹੀਂ ਹੱਥ ਪੈਰ ਲਤਾਂ ਬਾਹਵਾਂ ਸਭ ਚੁੱਕੀਆਂ ਜਾਪ ਰਹੀਆਂ ਜਦ ਕਿ ਓਹ ਬੰਦੇ ਦੇ ਨਬੇੜੇ ਓਥੇ ਹੀ ਲੋਕਾਂ ਕਰ ਦਿਤੇ ਸਨ ਇਹ ਨਹੀ ਵੇਖਿਆ ਕਿ ਸਾਡੇ ਵਿਚੋਂ ਸੀ ਜਿਹੜਾ ਕੇ ਹੈ ਵੀ ਨਾ ਸੀ। ਸ਼ਿਵ ਪੁਰਾਣ ਮੁਤਾਬਕ ਇੰਦਰ ਅਤੇ ਜਲੰਧਰ 'ਦੈਂਤ' ਮੈਦਾਨ ਵਿਚ ਆਹਮੋ ਸਾਹਮਣੇ ਜੰਗ ਵਿਚ ਉਲਝੇ ਹੋਏ ਸਨ ਤਾਂ ਵਿਸ਼ਨੂੰ ਨੇ ਮੌਕਾ ਤਾੜ ਜਲੰਧਰ ਦੀ ਔਰਤ ਦਾ ਰੇਪ ਕਰ ਸੁੱਟਿਆ।

ਦੂਜੀ ਵਾਰ ਜਦ ਇੰਦਰ ਅਤੇ ਸੰਖ ਚੂਹੜ ਨਾਂ ਦਾ 'ਰਾਖਸ਼' ਆਹਮੋ ਆਹਮਣੇ ਸਨ ਤਾਂ ਵਿਸ਼ਨੂੰ ਨੇ ਫਿਰ ਮੌਕਾ ਸੰਭਾਲਦਿਆਂ ਸੰਖ ਚੂਹੜ ਨਾਂ ਦੇ 'ਰਾਖਸ਼' ਦੀ ਔਰਤ ਨਾਲ ਬਲਾਤਕਾਰ ਜਾ ਕੀਤਾ ਜਿਥੋਂ ਠਾਕੁਰ ਤੁਲਸੀ ਦੇ ਵਿਆਹ ਵਾਲੀ ਕਹਾਣੀ ਸ਼ੁਰੂ ਹੋਈ।

ਸ਼ਿਵ ਜੀ ਦੀ ਜਦ ਪਹਿਲੀ ਸਤੀ ਨਾਂ ਦੀ ਪਤਨੀ ਪਿਓ ਦੇ ਹਵਨ ਕੁੰਭ ਵਿਚ ਸੜ ਮਰੀ ਤਾਂ ਪਾਗਲਾਂ ਵਾਲੀ ਹਾਲਤ ਵਿਚ ਨੰਗੇ ਘੁੰਮਦੇ ਫਿਰਦੇ ਸ਼ਿਵ ਜੀ ਨੇ ਜੰਗਲਾਂ ਵਿਚ ਰਹਿ ਰਹੇ ਰਿਸ਼ੀਆਂ ਦੀਆਂ ਔਰਤਾਂ ਜਾ ਢਾਹੀਆਂ ਗਈਆਂ ਅਤੇ ਇਸੇ ਸਮੇ ਉਪਰੋਂ ਹੀ ਆਣ ਪਹੁੰਚੇ ਰਿਸ਼ੀਆਂ ਸਰਾਪ ਵਾਲਾ ਚਿਲਾ ਚਾਹੜ ਸ਼ਿਵ ਜੀ ਦਾ ਲਿੰਗ ਹੀ ਵੱਢ ਸੁਟਿਆ। ਬ੍ਰਹਮਾ ਜੀ, ਸ਼ਿਵ ਜੀ ਪਾਰਬਤੀ ਦੇ ਫੇਰੇ ਕਰਾਉਂਦਿਆਂ ਪਾਰਬਤੀ ਦਾ ਪੈਰ ਦੇਖ ਕੇ ਹੀ ਸਾਰੇ ਸੈਂਸਰ ਫਿਹਲ ਕਰ ਬੈਠਾ ਅਤੇ ਪਤਾ ਲਗਣ ਤੇ ਸ਼ਿਵ ਜੀ ਨੇ ਬ੍ਰਹਮਾ ਵਾਹਣੋ ਵਾਹਣੀ ਕਰ ਕਰ ਮਾਰਿਆ ਬਾਅਦ ਦੀ ਕਪਾਲ ਮੋਚਨ ਵਾਲੀ ਕਹਾਣੀ ਤੁਹਾਨੂੰ ਪਤਾ ਹੀ ਹੈ।

ਇੱਕ ਸਮੇ ਬ੍ਰਹਮਾ ਕੁੜੀ ਅਪਣੀ ਨਾਲ ਹੀ ਹਨੀਮੂੰਨ ਦੇ ਇਰਾਦੇ ਨਾਲ ਉਸ ਮਗਰ ਦੌੜ ਨਿਕਲਿਆ। ਧੀ ਧਿਆਣੀ ਨੇ ਬਥੇਰੇ ਵਾਸਤੇ ਪਾਏ ਮੈ ਤੇਰੀ ਧੀ ਆਂ ਪਰ ਬ੍ਰਹਮਾ ਜੀ ਨੇ ਮੂੰਹ ਕਾਲਾ ਕਰ ਕਰਕੇ ਈ ਛਡਿਆ।

ਨਦੀ ਪਾਰ ਕਰਨ ਲਗਾ ਰਿਸ਼ੀ ਇਕ ਬੇੜੀ ਵਾਲੀ ਉਪਰ ਹੀ ਸਾਰੀ 'ਭਗਤੀ' ਰੋਹੜ ਬੈਠਾ।

ਕ੍ਰਿਸ਼ਨ ਜੀ ਮਹਾਰਾਜ ਦੀਆਂ ਤਾਂ ਬਾਤਾਂ ਹੀ ਔਰ ਜਿਹੜੇ ਮਾਮੀ ਹੀ ਲੈ ਕੇ ਦੌੜ ਨਿਕਲੇ। ਮੈਂ ਤਾਂ ਓਹ ਕਿਹਾ ਜੋ ਗਰੰਥਾਂ ਵਿਚ ਲਿਖਿਆ ਓਹ ਵੀ ਤਾਂ ਕਿਹਾ ਜੋ ਇਹ ਕਰ ਰਹੇ ਨੇ ਉਸ ਨੂੰ ਵੇਖਕੇ। ਪਰ ਜੇ ਹਿੰਦਸਤਾਨ ਦੇ ਅੱਜ ਦੇ ਇਖਲਾਕ ਵਿਚਦੀ ਦੇਖਣਾ ਹੋਵੇ ਤਾਂ ਇਹ ਪੰਡੀਏ ਦੀਆਂ ਲਿਖੀਆਂ ਕਹਾਣੀਆਂ ਤੁਸੀਂ ਝੁਠਲਾ ਵੀ ਨਹੀ ਸਕਦੇ।

ਹਿੰਦਸਤਾਨ ਵਿਚ ਸੈਂਕੜੇ ਬਲਾਤਕਾਰ ਕੇਸ ਹਰ ਰੋਜ ਰਜਿਸਟਰ ਹੁੰਦੇ ਪਰ ਜਿਹੜੇ ਰਜਿਸਟਰ ਨਹੀ ਹੁੰਦੇ ਓਨਾ ਦੀ ਗਿਣਤੀ ਗਿਣਤੀਓਂ ਈ ਬਾਹਰ। 84 ਵੇਲੇ ਦੇ ਬਲਾਤਕਾਰ ਸਿੱਖ ਖੁਦ ਅਪਣੇ ਪਿੰਡਿਆਂ ਉਪਰ ਹੰਡਾ ਚੁਕੇ ਹੋਏ ਨੇ। ਗੁਜਰਾਤ ਦੇ ਗੋਧਰਾ ਕਾਂਡ ਵੇਲੇ ਮੁਸਲਮਾਨ ਔਰਤਾਂ ਦਾ ਜੋ ਕੀਤਾ ਹਾਲ ਕੀਤਾ ਕਲ ਦੀਆਂ ਗਲਾਂ ਨੇ। ਈਸਾਈ ਅਤੇ ਦਲਿਤ ਔਰਤਾਂ ਨਾਲ ਨਿਤ ਦਿਨ ਬਲਾਤਕਾਰ ਹੋ ਰਹੇ ਨੇ ਅਤੇ ਠਰਕੀ ਪੰਡੀਆ ਦਲਿਤਾਂ ਦੀਆਂ ਔਰਤਾਂ ਹਰ ਸਮੇ ਨੰਗੀਆਂ ਦੇਖਣ ਦੇ ਇਰਾਦੇ ਨਾਲ ਛਾਤੀਆਂ ਢਕਣ ਨਾ ਸੀ ਦਿੰਦਾ। ਮੰਦਰ ਦੇ ਪੁਜਾਰੀ ਨੇ ਛੋਟੀ ਜਿਹੀ ਬੱਚੀ ਨਾਲ ਮੰਦਰ ਦੇ ਵਿਚ ਹੀ ਮੂੰਹ ਕਾਲਾ ਕੀਤਾ ਅਤੇ ਮਾਰ ਦਿਤੀ ਪਰ ਸਤਾ ਉਸ ਦੇ ਨਾਲ ਖੜੀ ਦਿਸੀ। ਬਈਏ ਨੇ ਸਿੱਖ ਕੁੜੀ ਦਾ ਰੇਪ ਕੀਤਾ ਪਰ ਬਈਏ ਉਸ ਦੇ ਨਾਲ ਖੜੇ ਦਿਸੇ। ਬਾਹਲੇ ਰੌਲੇ ਵਾਲੇ ਕਾਮਰੇਡਾਂ ਦੇ ਸਟਾਲਿਨ ਨੇ ਜਰਮਨਾਂ ਦੀ ਨਸਲ ਹੀ ਬਦਲ ਕੇ ਰਖ ਦਿਤੀ ਜਦ ਉਸ ਦੀਆਂ ਫੌਜਾਂ ਨੇ ਜਰਮਨ ਔਰਤਾਂ ਉਪਰ ਬੇਪਨਾਹ ਜੁਲਮ ਅਤੇ ਬਲਾਤਕਾਰ ਕੀਤੇ ਪਰ ਕਾਮਰੇਡ ਉਸ ਦੇ ਨਾਲ ਖੜੇ ਦਿਸੇ। ਪਰ ਕੋਈ ਦਸੇ ਜੇ ਸਿੱਖ ਕਿਸੇ ਬਲਾਤਕਾਰੀਏ ਨਾਲ ਖੜਾ ਐ ਚਾਹੇ ਕਿਡਾ ਨਾਢੂ ਖਾਂ ਹੋਵੇ। ਸੰਸਾਰ ਦੀ ਹਰੇਕ ਜੇਤੂ ਫੌਜ ਸਭ ਤੋਂ ਪਹਿਲਾਂ ਔਰਤ ਉਪਰ ਜੁਲਮ ਕਰਦੀ ਰਹੀ ਬਲਾਤਕਾਰ ਕਰਦੀ ਰਹੀ।

ਪਰ ਖਾਲਸੇ ਨੇ ਸਰਹੰਦ ਨੇਸਤੋ ਨਾਬੂਦ ਕਰ ਸੁਟੀ ਪਰ ਕੋਈ ਮਾਈ ਦਾ ਲਾਲ ਬਾਂਹ ਖੜੀ ਕਰਕੇ ਆਖੇ ਕਿ ਕਿਸੇ ਔਰਤ ਨੂੰ ਹਥ ਲਾਇਆ ਹੋਵੇ। ਮੈਂ ਕਸ਼ਮੀਰ ਜਿਤਿਆ, ਮੁਲਤਾਨ ਜਿਤਿਆ, ਲਹੌਰ ਜਿਤਿਆ, ਸਰਹੰਦ ਜਿਤੀ, ਦਿਲੀ ਪੈਰਾਂ ਹੇਠ ਕਈ ਵਾਰ ਰੋਂਦੀ ਕੋਈ ਇਤਹਾਸਕਾਰ ਦਸੇ ਕਿ ਕਿਸੇ ਔਰਤ ਨੂੰ ਹਥ ਲਾਇਆ ਹੋਏ ਜਾਂ ਖਾਲਸਾ ਫੌਜਾਂ ਦੇ ਜੇਤੂ ਹੋ ਕੇ ਸ਼ਹਿਰ ਵੜਨ ਸਮੇ ਕੋਈ ਔਰਤ ਲੁਕੀ ਜਾਂ ਸ਼ਹਿਰ ਛਡ ਕੇ ਦੌੜੀ ਹੋਵੇ।

ਨਾਮ ਭੁਲ ਗਿਆ ਰੁਹਤਾਸ ਦੇ ਕਿਲੇ ਵਿਚ ਘਿਰਿਆ ਅਬਦਾਲੀ ਦਾ ਇੱਕ ਜਰਨੈਲ ਟੱਬਰ ਆਪਦਾ ਓਥੇ ਈ ਛਡ ਰਾਤੋ ਰਾਤ ਕਿਲੇ ਦੀ ਕੰਧ ਟਪ ਗਿਆ ਪਰ ਟੱਬਰ ਬਾਰੇ ਜਦ ਕਿਸੇ ਫਿਕਰ ਕੀਤਾ ਤਾਂ ਆਂਹਦਾ ਮੈਨੂੰ ਭਜਾਉਣ ਵਾਲੇ ਸਿੱਖ ਨੇ ਪਰ ਟਬਰ ਮੇਰਾ ਓਨਾ ਕੋਲੇ ਮੇਰੇ ਨਾਲੋਂ ਵੀ ਮਹਿਫੂਜ ਐ। ਸ੍ਰ ਹਰੀ ਸਿੰਘ ਨਲੂਆ ਬਾਨੋ ਦੇ ਪੈਰੀਂ ਹਥ ਲਾ ਕੇ ਆਂਹਦਾ ਅੱਜ ਤੋਂ ਤੂੰ ਮੇਰੀ ਮਾਂ ਹੋਈ। ਬਾਬਾ ਜਰਨੈਲ ਹਾਲਾਂ ਕਲ ਆਂਹਦਾ ਗਿਆ ਸਿੰਘੋ ਲੜਾਈ ਜਿੰਨੀ ਮਰਜੀ ਹੋ ਜਾਏ ਕਿਸੇ ਦੀ ਆਈ ਧੀ ਭੈਣ ਦਾ ਆਦਰ ਕਰਨਾ ਨਾ ਭੁਲਣਾ। ਗੱਲਾਂ ਕਰਨ ਵਾਲਿਆਂ ਦੇ ਵੱਸ ਦੀ ਗਲ ਨਹੀ ਅਤੇ ਅੱਜ ਓਹ ਵੀ ਗਲਾਂ ਕਰ ਰਹੇ ਨੇ ਜੀਹਨਾ ਦੀਆਂ ਔਰਤਾਂ ਦੀਆਂ ਛਾਤੀਆਂ ਹਾਲਾਂ ਤਕ ਪੰਡੀਆਂ ਢਕਣ ਦੀ ਇਜਾਜਤ ਨਹੀ ਸੀ ਦਿੰਦਾ। ਫਿਰ ਕਹਾਂ ਆਮ ਬੰਦੇ ਦੀ ਛਡੋ ਸਿਖਾਂ ਦਾ ਚਾਹੇ ਕੋਈ ਧੁਰ ਉਪਰਲਾ ਜਰਨੈਲ ਅਜਿਹੀ ਗਲਤੀ ਕਰਕੇ ਦੇਖੇ ਅਗਲੇ ਦਿਨ ਚਕ ਕੇ ਅਰਸ਼ੋਂ ਫਰਸ਼ ਤੇ ਮਾਰਦੇ ਨਾ ਕਿ ਬਲਾਤਕਾਰੀਆਂ ਦੇ ਨਾਲ ਖੜਦੇ। -ਗੁਰਦੇਵ ਸਿੰਘ ਸੱਧੇਵਾਲੀਆ


Home Improvement

A-CLASS Appliance Rep.
*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace
GURJIT
CERTIFIED TECHNICIAN
(24Hrs)
Off: 604-543-6239
#103-12465-82Ave Surrey, BC

A-CLASS Electric Ltd.
*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom
FREE ESTIMATES
Cell: 604-351-2538
Tel:604-596-5474
CLASS "A" CERTIFIED & LICENCED ELECTRICIANS
MANJIT

DAWN RENOVATION
Commercial & Residential
ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ
Certified Electrician, Builder, Construction & Development
ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।
ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ
604-716-3534 / 778-881-0236
daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ
ਲੱਖੀ ਰੈਨੋਵੇਸ਼ਨ
• ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
• ਬੇਸਮੈਂਟ ਦੀ ਰੈਨੋਵੇਸ਼ਨ
• ਡੋਰ ਐਂਡ ਮੋਲਡਿੰਗ
• ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
• ਫਲੋਰ ਅਤੇ ਵਾਲ ਟਾਈਲਜ਼
• ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
• ਘਰ ਨੂੰ ਵਧਾਉਣਾ
• ਪੇਟਿੰਗ
• ਕਾਰਪੇਂਟਰੀ
• ਪੌੜੀਆਂ
• ਫਿਨਸ਼ਿੰਗ
• ਫਰੇਮਿੰਗ
15 ਸਾਲਾ ਦਾ ਤਜ਼ਰਬਾ
ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ
ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ
ਲੱਖਵਿੰਦਰ ਸੈਂਹਬੀ : 604-621-0206
lakhwindersembhi@yahoo.ca

STORM
ELECTRIC LTD.
Residential & Commercial
Licenced & Bonded
*All Kinds Of Electrical Service
*Best Rate
*Friendly Service
*Quality Workmanship
STORM ELECTRIC LTD EST. 2020
Mandeep Dhaliwal
(Certified Electrician)
778-994-7207
Email:stormelectricltd@gmail.com

Up-To-Date Finishing
ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ
We are specialized in Custom Wood Working:
Residential & Commercial Renovations
•Doors
•Mouldings
•Fire Place
•Base Board
•Hardy Plank
•Wood Floor
All kinds of exterior finishing
Sanjeev Dhir 778.320.9413
sanjeevkumarsk52@gmail.com

# ਫਸਲਾਂ ਦੀ ਲੜਾਈ

ਫਸਲਾਂ ਤਾਂ ਢੱਗੇ ਕੱਟੇ ਵੱਛੇ ਡੰਗਰ ਪਸ਼ੂ ਵੀ ਚਰੀ ਜਾਂਦੇ ਅਤੇ ਮਨੁਖ ਨਾਲੋਂ ਵਧੀਆ ਚਰੀ ਜਾਂਦੇ ਪਰ ਪੰਜਾਬ ਦੀ ਰੜਕ ਤਾਂ ਹੋਰ ਐ।

ਬਾਕੀ ਮੁਲਖ ਤਰਾਂ ਜੇ ਤਾਂ ਮੈਂ ਵੀ ਸਿਰ ਸੁਟ ਕੇ ਵਗਣ ਵਾਲਾ ਪਸ਼ੂ ਹੁੰਦਾ ਤਾਂ ਮੈਂ ਵੀ ਚੋਰੀ ਦੇ ਝੋਟੇ ਤਰਾਂ ਆਖ ਦਿੰਦਾ ਪੱਠੇ ਈ ਖਾਣੇ ਚੋਰਾਂ ਦੇ ਸਹੀਂ।

ਪਰ ਪੰਜਾਬ ਦੀ ਫਿਜਾ ਵਿਚ ਜਿਓਂ ਹੀ ਗੁਰਾਂ ਦੇ ਮਘਦੇ ਬੋਲ ਗੂੰਜੇ ਇਸ ਦਾ ਨਜਰੀਆ ਹੀ ਬਦਲ ਗਿਆ ਤੇ ਉਪਰੰਤ ਇਸ ਦੀ ਬਣੀ ਹੀ ਕਿਸੇ ਨਾਲ ਨਾ ਕਿਓਕਿ ਬਣਨ ਲਈ ਤੁਹਾਡਾ ਸਿਰ ਸੁਟਵਾਂ ਢੱਗਾ ਬਣਨਾ ਜਰੂਰੀ ਪਰ ਗੁਰਾਂ ਪਸ਼ੂ ਇਸ ਦਾ ਮਾਰ ਹੀ ਤਾਂ

ਸੁਟਿਆ।

ਨਾ ਮੁਗਲਾਂ ਨਾਲ ਬਣੀ ਅੰਗਰੇਜਾਂ ਨਾ ਹਿੰਦੂ ਨਾਲ। ਕਿਓਕਿ ਮੇਰੀ ਲੜਾਈ ਖਾਣ ਦੀ ਘਟ ਸਵੈਮਾਣ ਦੀ ਜਿਆਦਾ ਰਹੀ ਨਹੀਂ ਤਾਂ ਪਠਿਆਂ ਖੁਣੋਂ ਕਾਹਨੂੰ ਭੁੱਖਾ ਸਾਂ ਮੈਂ। ਪੰਜਾਬ ਸਾਰੇ ਮੁਲਖ ਨਾਲੋਂ ਰਜਵੀਂ ਰੋਟੀ ਖਾਂਦਾ ਅਤੇ ਸ਼ਾਨ ਨਾਲ ਜਿਓਂਦਾ।

ਚੋਧਰੀ ਸਾਹਿਬ ਰਾਇ ਦੀਆਂ ਘੋੜੀਆਂ ਫਸਲਾਂ ਚਰ ਗਈਆਂ ਇਥੋਂ ਤਕ ਤਾਂ ਬਰਦਾਸ਼ਤ ਸੀ ਪਰ ਜਦ ਚੌਧਰੀ ਕੇਸਾਂ ਦੇ ਰੱਸੇ ਵਟਣ ਵੰਨੀ ਤੁਰ ਪਿਆ ਤਾਂ ਗੈਰਤ ਨੂੰ ਵਟ ਤਾਂ ਚੜਨਾ ਹੀ ਸੀ। ਘੋੜੀਆਂ ਗਾਇਬ ਤੇ ਲੜਾਈ ਸ਼ੁਰੂ।

ਬਾਬਾ ਤਾਰਾ ਸਿੰਘ ਵਾਂਅ ਨੂੰ ਦੁਆਲੇ ਵਾਲੇ ਆਂਹਦੇ ਬਾਬਾ ਡੇੜ ਦੋ ਹਜਾਰ ਫੌਜਾਂ ਚੜੀਆਂ ਆ ਰਹੀਆਂ ਪਰ ਤੇਰੇ ਕੋਲੇ ਬੰਦੇ ਵੀਹ ਲੜਾਈ ਦੂਰ ਨੇੜਿਓਂ ਵੀ ਸਾਵੀਂ ਨਾ ਦੌੜ ਲੈ। ਤਾਂ ਬਾਬਾ ਹੱਸ ਕੇ ਆਂਹਦਾ ਸਵਾਦ ਈ ਅਸਾਵੀਂ ਲੜਾਈ ਦਾ ਔਣ ਦੇਹ ਨਜਾਰੇ।

ਖੌਫ, ਡਰ, ਮੌਤ, ਮਰਨਾ ਕਿੰਨੀਆਂ ਫਜੂਲ ਬਾਤਾਂ ਸਨ ਓਨਾ ਸਾਹਵੇਂ ਕਿੰਨੇ ਬੇਮਾਨਾ ਲਫਜ ਸਨ ਬੇਅਰਥ।

ਸੰਸਾਰ ਨੂੰ ਕੰਬਣੀਆਂ ਛੇੜ ਦੇਣ ਵਾਲੀ ਮੌਤ ਵੀ ਇਥੇ ਆ ਕੇ ਹਾਰੀ ਹੋਈ ਮਹਿਸੂਸ ਕਰਦੀ।

ਹਾਲਾਂ ਕਲ ਦੀ ਗਲ ਐ ਜੱਜ ਆਂਹਦਾ ਇਕ ਵਾਰ ਕਹਿ ਦਿਓ ਕਤਲ ਅਸੀਂ ਨਹੀ ਕੀਤਾ ਫਾਹੇ ਲਗਣੋਂ ਬਚਾ ਲਾਂਗਾ ਪਰ ਸਿੰਘਾਂ ਦੇ ਜਿਹਲ ਵਿਚ ਵੰਡੇ ਜਾ ਰਹੇ ਲੱਡੂ ਦੇਖ ਮੌਤ ਵੀ ਹੀਣ ਜਿਹੀ ਹੋ ਗਈ ਜਾਪੀ।

ਸ੍ਰ ਬਘੇਲ ਸਿੰਘ ਤੜਕਿਓਂ ਗੜਵਾ ਲੈ ਜਦ ਬਾਹਰ ਨਿਕਲਿਆ ਤਾਂ ਆ ਰਹੀ ਫੌਜ ਦੀ ਪੈੜ ਸੁਣ ਪ੍ਰਵਾਨੇ ਦਸਣ ਕਾਹਨੂੰ ਦੌੜਦੇ ਕਿ ਸ਼ਮਾ ਬਲ ਪਈ ਅਤੇ ਸ੍ਰ ਓਥੇ ਈ ਬਰਸ਼ਾ ਗਡ ਖੜ ਗਿਆ। ਗਿਣਤੀਆਂ ਮਿਣਤੀਆਂ ਤਾਂ ਬਣੀਏ ਕਰਦੇ ਕਿ ਅਗਿਓਂ ਕਿੰਨੇ ਤੇ ਮੈਂ ਕਿੰਨਾ।

ਜੰਗ ਭਖ ਪਈ ਤਿੜਿਆ ਹੋਇਆ ਮੋਮਨ ਖਾਂ ਦਾ ਲੋਹੇ ਨਾਲ ਮੜਿਆ ਤਕੀ ਬੇਗ ਜਰਨੈਲ ਬਾਬੇ ਤਾਰਾ ਸਿੰਘ ਨੂੰ ਵੰਗਾਰਦਾ ਹੈ ਅਤੇ ਖਿਚ ਕੇ ਤੀਰ ਆਖਣਾ ਚਾਹ ਰਿਹਾ ਸੀ ਅਲਾਹ ਹੂ ਅਕਬਰ ਪਰ ਜਦ ਹਾਲਾਂ ਅਲਾਹ ਹੀ ਕਹਿਣ ਲਈ ਮੂੰਹ ਅੜਿਆ ਤਾਂ ਹੂ ਅਕਬਰ ਤੋਂ ਪਹਿਲਾਂ ਹੀ ਘਰਰਰਚ ਕਰਦਾ ਬਰਛਾ ਸੰਘ ਵਿਚ ਮਾਰਿਆ ਸਿੰਘ ਨੇ ਤੇ ਪਾਨ ਦੀ ਪਿਚਕਾਰੀ ਤਰਾਂ ਧਤੀਰੀਆਂ ਛੁਟਦੀਆਂ ਔਹ ਗਈਆਂ ਈ ਵਡੇ ਸੂਰਮੇ ਦੀਆਂ।

ਬੰਦਿਆਂ ਕਿਤੇ ਅਤ ਮਚਾਈ ਮੈਦਾਨੇ ਜੰਗ ਵਿਚ ਕਿ ਮੋਮਨ ਖਾਂ ਨੂੰ ਖੁਦ ਨੂੰ ਜਾਪਿਆ ਕਿ ਕਿਧਰੇ ਵਾਹਣੋ ਵਾਹਣੀ ਨਾ ਹੋਣਾ ਪੈ ਜਾਏ।

ਬਾਬਾ ਤਾਰਾ ਸਿੰਘ ਦੀ ਸ਼ਹਾਦਤ ਤੋਂ ਬਾਅਦ ਖਾਲਸੇ ਨੇ ਫਸਲਾਂ ਵਸਲਾਂ ਛਡ ਕਾਹਨੂੰਵਾਲ ਦੇ ਛੰਭਾਂ ਦਾ ਰੁਖ ਕੀਤਾ ਕਿ ਹੁਣ ਆਰ ਦੀ ਜਾਂ ਪਾਰ ਦੀ ਅਤੇ ਮੁਗਲ ਸਲਤਨਤ ਦੀ ਸ਼ਾਹ ਰਗ ਉਪਰ ਅਜਿਹੀ ਤਲਵਾਰ ਫੇਰੀ ਕਿ ਬਾਬੇ ਦੀ ਸ਼ਹਾਦਤ ਤੋਂ ਕੇਵਲ 7 ਸਾਲਾਂ ਵਿਚ ਹੀ ਲਹੌਰ ਨਵਾਬੀਆਂ ਲੈ ਕੇ ਖਾਲਸੇ ਦੇ ਪੈਰਾਂ ਵਿਚ ਆਣ ਡਿਗਾ।

ਉਸ ਤੋਂ ਬਾਅਦ ਤਾਂ ਸਿੰਘ ਨਾਦਰ ਵਰਗਿਆਂ ਦੇ ਜਾ ਗਲ ਪਏ ਜਿਸ ਦੇ ਨਾਂ ਤੇ ਹਿੰਦੋਸਤਾਨ ਕੰਬ ਉਠਿਆ ਸੀ। ਨਾਦਰ ਇਨਾ ਸ਼ੈਦਾਈ ਹੋ ਗਿਆ ਇਨਾ ਲੋਹੇ ਦੇ ਬੰਦਿਆਂ ਨੂੰ ਦੇਖਣ ਲਈ ਕੀ ਆਖਰ ਭੰਡਾਂ ਵਿਚਦੀ ਦੇਖ ਕੇ ਮਨ ਨੂੰ ਤਸੱਲੀ ਜਿਹੀ ਦੇਣ ਤਕ ਗਲ ਪਹੁੰਚ ਗਈ ਪਰ ਭੰਡਾਂ ਨਕਲ ਕਰਦਿਆਂ ਹੀ ਜਦ ਉਠਣੇ ਸੱਪਾਂ ਦਾ ਰੂਪ ਧਾਰ ਲਿਆ ਤਾਂ ਜਾਣ ਲਗਾ ਨਾਦਰ ਆਂਹਦਾ ਇਹ ਦਿਲੀ ਖੋਹਣਗੇ ਥੋਤੋਂ। ਕੇਵਲ ਫਸਲਾਂ ਦਾ ਮੋਹ ਰਖਦੇ ਤਾਂ ਦਿਲੀ ਦੀ ਬਾਦਸ਼ਾਹੀ ਖਾਲਸੇ ਦੇ ਪੈਰਾਂ ਹੇਠ ਨਾ ਹੁੰਦੀ ਅਤੇ ਖਾਲਸੇ ਦੇ ਘੋੜੇ ਅਫਗਾਨ ਦੀਆਂ ਹੱਦਾਂ ਤਕ ਨਾ ਹਿਣਕਦੇ ਫਿਰਦੇ।ਪਰ ਯਾਦ ਰਖਣਾ ਕਿ ਢਿੱਡ ਭਰਨ ਲਈ ਫਸਲਾਂ ਜਰੂਰੀ ਨੇ ਪਰ ਜਦ ਗੱਲ ਮੁੱਛ ਤੇ ਆ ਜਾਏ ਤਾਂ ਫਿਰ ਕੌਣ ਫਸਲਾਂ ਤੇ ਕਿਹੜੀਆਂ ਫਸਲਾਂ।

ਅਨੰਦਪੁਰ ਉਜੜਵਾ ਕੇ ਅਤੇ ਪੁੱਤਾਂ ਦੀਆਂ ਲਾਸ਼ਾਂ ਲੰਘ ਗੁਰਾਂ ਆਹੀ ਸਬਕ ਦਿਤਾ ਸੀ ਕਿ ਚਾਰ ਕਦਮ ਘੱਟ ਤੁਰ ਲੈਣਾ ਪਰ ਤੁਰਨ ਦੀ ਮਟਕ ਨਹੀ ਛਡਣੀ।

**-ਗੁਰਦੇਵ ਸਿੰਘ ਸੱਧੇਵਾਲੀਆ**

# ਚੰਡੀਗੜ੍ਹ ’ਚ ਨਹੀਂ ਬਣੇਗੀ ਹਰਿਆਣਾ ਦੀ ਵੱਖਰੀ ਵਿਧਾਨ ਸਭਾ

ਚੰਡੀਗੜ੍ਹ:-ਕੇਂਦਰ ਸਰਕਾਰ ਵੱਲੋਂ ਵਾਰ-ਵਾਰ ਪੰਜਾਬ ਦੇ ਅਧਿਕਾਰਾਂ ਨੂੰ ਖੋਰਾ ਲਾਉਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਸੂਬੇ ਦੇ ਲੋਕਾਂ ਵੱਲੋਂ ਵੱਡੇ ਪੱਧਰ ‘ਤੇ ਕੀਤਾ ਜਾ ਰਿਹਾ ਵਿਰੋਧ ਰੰਗ ਲਿਆਇਆ ਹੈ। ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬੀਆਂ ਦੇ ਵਧਦੇ ਰੋਹ ਨੂੰ ਵੇਖਦਿਆਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਹਰਿਆਣਾ ਸਰਕਾਰ ਦੀ ਚੰਡੀਗੜ੍ਹ ਵਿੱਚ ਵੱਖਰੀ ਵਿਧਾਨ ਸਭਾ ਦੀ ਇਮਾਰਤ ਉਸਾਰਨ ਦੀ ਮੰਗ ਰੱਦ ਕਰ ਦਿੱਤੀ ਹੈ। ਇਸ ਫ਼ੈਸਲੇ ਤੋਂ ਬਾਅਦ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਦੀ ਵੱਖਰੀ ਇਮਾਰਤ ਦੀ ਉਸਾਰੀ ਨਹੀਂ ਹੋਵੇਗੀ।ਸੂਤਰਾਂ ਅਨੁਸਾਰ ਹਰਿਆਣਾ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਹਾਲ ਹੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਗੇ ਚੰਡੀਗੜ੍ਹ ਵਿੱਚ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਲਈ ਇਮਾਰਤ ਬਣਾਉਣ ਦਾ ਮੁੱਦਾ ਜ਼ੋਰ ਨਾਲ ਚੁੱਕਿਆ ਸੀ।























# ਕੈਪਸ ਕੈਫੇ ‘ਤੇ ਫਾਇਰਿੰਗ ਮਾਮਲੇ ਦੇ ਸੰਬੰਧ ‘ਚ ਦਿੱਲੀ ਕ੍ਰਾਈਮ ਬਰਾਂਚ ਵੱਲੋਂ ਇੱਕ ਦੋਸ਼ੀ ਗ੍ਰਿਫ਼ਤਾਰ

ਨਵੀਂ ਦਿੱਲੀ- ਦਿੱਲੀ ਕ੍ਰਾਈਮ ਬ੍ਰਾਂਚ ਨੇ ਹੁਣ ਇਸ ਮਾਮਲੇ ‘ਚ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ।ਕਪਿਲ ਦੇ ਕੈਫੇ ‘ਤੇ ਗੋਲੀਬਾਰੀ ਦੀ ਸਾਜ਼ਿਸ਼ ਦੇ ਸਬੰਧ ‘ਚ ਇੱਕ ਅਪਰਾਧੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਕ੍ਰਾਈਮ ਬ੍ਰਾਂਚ ਦੀ ਟੀਮ ਨੇ ਗੈਂਗਸਟਰ ਗੋਲਡੀ ਢਿੱਲੋਂ ਗੈਂਗ ਦੇ ਇੱਕ ਮੁੱਖ ਮੈਂਬਰ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਦੇ ਖਿਲਾਫ ਕਈ ਅਪਰਾਧਿਕ ਮਾਮਲੇ ਦਰਜ ਹਨ। ਇਸ ਅਪਰਾਧੀ ਦਾ ਨਾਮ ਬੰਧੂ ਮਾਨ ਸਿੰਘ ਹੈ। ਉਸ ਤੋਂ ਇੱਕ ਚੀਨੀ ਪਿਸਤੌਲ ਤੇ ਕਾਰਤੂਸ ਵੀ ਬਰਾਮਦ ਕੀਤੇ ਗਏ ਹਨ। ਬੰਧੂ ਮਾਨ ਸਿੰਘ ਸੇਖੋਂ ਗੈਂਗਸਟਰ ਗੋਲਡੀ ਬਰਾੜ ਨਾਲ ਜੁੜਿਆ ਹੋਇਆ ਹੈ। ਗੋਲੀਬਾਰੀ ਦੀ ਘਟਨਾ ਤੋਂ ਬਾਅਦ ਇਹ ਗੈਂਗਸਟਰ ਭਾਰਤ ਵਾਪਸ ਆ ਗਿਆ ਸੀ।ਕਪਿਲ ਸ਼ਰਮਾ ਦਾ ਕੈਪਸ ਕੈਫੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ‘ਚ ਸਥਿਤ ਹੈ।ਇਸ ਕੈਫੇ ‘ਚ ਜੁਲਾਈ ਤੇ ਅਗਸਤ ‘ਚ ਗੋਲੀਬਾਰੀ ਹੋਈ ਸੀ।ਲਾਰੈਂਸ ਗੈਂਗ ਨਾਲ ਜੁੜੇ ਗੋਲਡੀ ਢਿੱਲੋਂ ਦੀ ਇੱਕ ਪੋਸਟ ਵਾਇਰਲ ਹੋਈ, ਜਿਸ ‘ਚ ਕਪਿਲ ਦੇ ਕੈਫੇ ‘ਚ ਗੋਲੀਬਾਰੀ ਦੀ ਜ਼ਿੰਮੇਵਾਰੀ ਲਈ ਗਈ।ਕੈਫੇ ‘ਚ ਗੋਲੀਬਾਰੀ ਤੋਂ ਬਾਅਦ, ਲਾਰੈਂਸ ਗੈਂਗ ਨੇ ਸੋਸ਼ਲ ਮੀਡੀਆ ‘ਤੇ ਇੱਕ ਪੋਸਟ ਕੀਤੀ। ਪੋਸਟ ‘ਚ ਲਿਖਿਆ ਸੀ, ”ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ, ਮੈਂ, ਕੁਲਵੀਰ ਸਿੱਧੂ ਤੇ ਗੋਲਡੀ ਢਿੱਲੋਂ ਅੱਜ (ਕੈਪਸ ਕੈਫੇ, ਸਰੀ ‘ਚ) ਹੋਈਆਂ ਤਿੰਨ ਗੋਲੀਬਾਰੀ ਦੀ ਜ਼ਿੰਮੇਵਾਰੀ ਲੈਂਦੇ ਹਾਂ।ਸਾਡੀ ਆਮ ਲੋਕਾਂ ਨਾਲ ਕੋਈ ਦੁਸ਼ਮਣੀ ਨਹੀਂ ਹੈ।ਇਸ ਤੋਂ ਇਲਾਵਾ, ਉਨ੍ਹਾਂ ਨੇ ਕਿਹਾ, ”ਜਿਨ੍ਹਾਂ ਨਾਲ ਸਾਡਾ ਟਕਰਾਅ ਹੈ, ਉਨ੍ਹਾਂ ਨੂੰ ਸਾਡੇ ਤੋਂ ਦੂਰ ਰਹਿਣਾ ਚਾਹੀਦਾ ਹੈ। ਜੋ ਗੈਰ-ਕਾਨੂੰਨੀ ਕੰਮ ਕਰਦੇ ਹਨ ਤੇ ਲੋਕਾਂ ਤੋਂ ਕੰਮ ਕਰਵਾ ਕੇ ਪੈਸੇ ਨਹੀਂ ਦਿੰਦੇ, ਉਨ੍ਹਾਂ ਨੂੰ ਵੀ ਤਿਆਰ ਰਹਿਣਾ ਚਾਹੀਦਾ ਹੈ। ਬਾਲੀਵੁੱਡ ‘ਚ ਧਰਮ ਦੇ ਵਿਰੁੱਧ ਬੋਲਣ ਵਾਲਿਆਂ ਨੂੰ ਵੀ ਤਿਆਰ ਰਹਿਣਾ ਚਾਹੀਦਾ ਹੈ; ਗੋਲੀਆਂ ਕਿਤੋਂ ਵੀ ਆ ਸਕਦੀਆਂ ਹਨ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।”ਹਾਲ ਹੀ ‘ਚ, ਕਪਿਲ ਸ਼ਰਮਾ ਨੇ ਕੈਫੇ ਗੋਲੀਬਾਰੀ ਦੀ ਘਟਨਾ ‘ਤੇ ਆਪਣੀ ਚੁੱਪੀ ਤੋੜੀ ਸੀ। ਉਨ੍ਹਾਂ ਕਿਹਾ ਕਿ ਹਰ ਵਾਰ ਜਦੋਂ ਵੀ ਗੋਲੀਬਾਰੀ ਹੋਈ, ਤਾਂ ਓਨੀ ਹੀ ਵਾਰ ਓਪਨਿੰਗ ਹੋਈ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਘਟਨਾ ਤੋਂ ਬਾਅਦ, ਇਸ ‘ਤੇ ਕੈਨੇਡੀਅਨ ਸੰਸਦ ‘ਚ ਵੀ ਚਰਚਾ ਹੋਈ। ਉਨ੍ਹਾਂ ਨੇ ਭਾਰਤ ‘ਚ ਕਦੇ ਵੀ ਕਿਸੇ ਕਿਸਮ ਦਾ ਡਰ ਮਹਿਸੂਸ ਨਹੀਂ ਕੀਤਾ। ਉਹ ਇੱਥੇ ਪੂਰੀ ਤਰ੍ਹਾਂ ਸੁਰੱਖਿਅਤ ਮਹਿਸੂਸ ਕਰਦੇ ਹਨ।


SUPER SANDHU

ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।



ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910

Charlie Sandhu: 604-864-7711



FRASERVIEW MEATS

The Name of Guaranteed Quality Meats



Number One Quality Meat in Lower Mainland

We also sell cooked chicken
We take orders for all occassion

Serving You Since 1993

Try our Special Chicken Tikkar



Jagir S. Nagra

604-592-2900

#102-12047-80th Ave. Surrey (Besides Mega Fruticana)

www.fraserviewmeats.com



ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ

ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ

ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ

ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ



ਬੈਂਕੁਇਟ ਹਾਲ 150 ਸੀਟਾਂ ਵਾਲਾ

ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ




50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ

ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ



ਕੁਲਵਿੰਦਰ ਸਿੰਘ ਪੂਨੀ

12815, 85 Ave Surrey BC. | www.shahicaterers.ca | Email: kspooni95@hotmail.de

778-928-4522, 778-565-4141, 778-565-3232



ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1650
2 PCS SOFA & LOVE SEAT $1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


GE
+91 77175-02848
+91 98146-12006
+91 99882-68982
+1 778-899-1576
+1 778-207-8100
EAGLE EYE
PICK & DROP TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ
*24 ਘੰਟੇ ਸਰਵਿਸ
WE OFFER VARIETY OF CARS
OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES